ਅਖੰਡ ਕੀਰਤਨੀ ਜਥੇ ਦਾ ਮਾਸਿਕ ਪੱਤਰ

# ਸੋ ਕਹੀਅਤ ਹੈ ਸੂਰਾ


ਫ਼ਰਵਰੀ ੨੦੧੩,
ਮਾਘ-ਫ਼ੱਗਣ ੫੪੪ ਨਾਨਕਸ਼ਾਹੀ
₹ 10



## ਇੱਕ ਦੀ ਉਪਾਸ਼ਨਾ

ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ॥

For Private Circulation only




## 'ਸੋ ਕਹੀਅਤ ਹੈ ਸੂਰਾ' ਲਈ ਸਹਾਇਤਾ ਦੇਣ ਵਾਲੇ ਸੱਜਣ

| | |
|---|---|
| ੧. ਭਾਈ ਬਖ਼ਸ਼ੀਸ਼ ਸਿੰਘ ਫ਼ਗਵਾੜਾ (ਜਥੇਦਾਰ ਸਾਹਿਬ) | 5100 ਰੁਪਏ |
| ੨. ਭਾਈ ਬਲਕਾਰ ਸਿੰਘ ਬੰਗਾ | 5100 ਰੁਪਏ |
| ੩. ਭਾਈ ਅਰਜਨ ਸਿੰਘ ਫ਼ਗਵਾੜਾ | 5100 ਰੁਪਏ |
| ੪. ਭਾਈ ਭਗਤਜੋਤ ਸਿੰਘ ਯੂ.ਐਸ.ਏ. | 2100 ਰੁਪਏ |
| ੫. ਗੁਪਤ | 500 ਰੁਪਏ |
| ੬. ਡਾ. ਇੰਦਰਜੀਤ ਸਿੰਘ ਅਜੀਤਗੜ੍ਹ | 500 ਰੁਪਏ |
| ੭. ਭਾਈ ਸਤਨਾਮ ਸਿੰਘ | 500 ਰੁਪਏ |
| ੮. ਭਾਈ ਦਵਿੰਦਰ ਸਿੰਘ | 200 ਰੁਪਏ |
| ੯. ਭਾਈ ਦਿਲਬਾਗ ਸਿੰਘ ਮੁੰਡੀ ਖਰੜ | 500 ਰੁਪਏ |
| ੧੦.ਭਾਈ ਕੁਲਵੰਤ ਸਿੰਘ | 500 ਰੁਪਏ |
| ੧੧.ਭਾਈ ਕੁਲਦੀਪ ਸਿੰਘ ਸਲੇਮਪੁਰ | 500 ਰੁਪਏ |
| ੧੨.ਬੀਬੀ ਰਜਿੰਦਰ ਕੌਰ | 500 ਰੁਪਏ |
| ੧੩.ਅਮਰਜੀਤ ਸਿੰਘ ਮੰਡੀ ਗੋਬਿੰਦਗੜ੍ਹ | 500 ਰੁਪਏ |
| ੧੪.ਜਤਿੰਦਰਪਾਲ ਸਿੰਘ ਦਿੱਲੀ | 500 ਰੁਪਏ |
| ੧੫.ਪ੍ਰੋ. ਦੀਦਾਰ ਸਿੰਘ ਲੁਧਿਆਣਾ | 500 ਰੁਪਏ |
| ੧੬.ਗੁਪਤ | 500 ਰੁਪਏ |
| ੧੭.ਗੁਪਤ | 200 ਰੁਪਏ |
| ੧੮.ਭਾਈ ਭੁਪਿੰਦਰ ਸਿੰਘ ਲੁਧਿਆਣਾ | 2100 ਰੁਪਏ |
| ੧੯.ਭਾਈ ਹਰਜੀਤ ਸਿੰਘ ਮਾਨਸਾ | 500 ਰੁਪਏ |
| ੨੦.ਭਾਈ ਲਾਭ ਸਿੰਘ ਖਰੜ | 500 ਰੁਪਏ |
| ਕੁੱਲ ਜੋੜ | = 26400 ਰੁਪਏ |

## 'ਸੋ ਕਹੀਅਤ ਹੈ ਸੂਰਾ' ਹੇਠਾਂ ਦਿੱਤੇ ਸਿੰਘਾਂ ਤੋਂ ਪ੍ਰਾਪਤ ਕਰ ਸਕਦੇ ਹੋ

੧. ਸ੍ਰੀ ਅੰਮ੍ਰਿਤਸਰ ਸਾਹਿਬ - ਰੰਗਲੇ ਸੱਜਣ ਮੈਮੋਰੀਅਲ ਚੈਰੀਟੇਬਲ ਟ੍ਰਸਟ, ਚੌਂਕ ਬਾਬਾ ਸਾਹਿਬ, ਨੇੜੇ ਸ੍ਰੀ ਦਰਬਾਰ ਸਾਹਿਬ। ਭਾਈ ਮਹਿੰਦਰ ਸਿੰਘ ਜੀ, ਜੌੜਾ ਫ਼ਾਟਕ, ਫ਼ੋਨ : 92164-43312 ਭਾਈ ਅਮਨਦੀਪ ਸਿੰਘ ਜੀ, ਫ਼ੋਨ : 94173-08093

੨. ਅੰਬਾਲਾ - ਸੂਬੇਦਾਰ ਮੇਜਰ ਬਲਦੇਵ ਸਿੰਘ ਜੀ, ਫ਼ੋਨ : 094666-93516

੩. ਫ਼ਗਵਾੜਾ - ਭਾਈ ਕੁਲਦੀਪ ਸਿੰਘ ਜੀ, ਫ਼ੋਨ : 98786-23523

੪. ਜੰਮੂ - ਭਾਈ ਜਸਮੀਤ ਸਿੰਘ ਜੀ, ਫ਼ੋਨ : 094191-54545

੫. ਮੋਗਾ - ਭਾਈ ਸਤਨਾਮ ਜੀ, ਫ਼ੋਨ : 94633-41799

੬. ਤਰਨਤਾਰਨ - ਭਾਈ ਅਮਰ ਸਿੰਘ ਜੀ, ਫ਼ੋਨ : 94783,-50456

੭. ਜਲੰਧਰ - ਭਾਈ ਗੁਰਕ੍ਰਿਪਾਲ ਸਿੰਘ ਜੀ, ਫ਼ੋਨ : 98140-66102

੮. ਯਮੁਨਾਨਗਰ - ਭਾਈ ਬਲਦੇਵ ਸਿੰਘ ਜੀ, ਫ਼ੋਨ : 090347-16179

੯. ਬਠਿੰਡਾ - ਭਾਈ ਅਮਰੀਕ ਸਿੰਘ ਜੀ, ਫ਼ੋਨ : 94632-14774

੧੦. ਪਟਿਆਲਾ - ਭਾਈ ਸੁਲੱਖਣ ਸਿੰਘ ਜੀ, ਖ਼ਾਲਸਾ ਨਿਸ਼ਾਨ ਸਟੋਰ, ਦੁਕਾਨ ਨੰ : 15, ਗੁ. ਦੂਖਨਿਵਾਰਨ ਸਾਹਿਬ ਮਾਰਕੀਟ, ਫ਼ੋਨ : 0175-2361415

੧੧. ਬਰੇਲੀ (ਉਤਰ ਪ੍ਰਦੇਸ਼) - ਡਾ. ਰਜਿੰਦਰ ਸਿੰਘ ਜੀ, ਫ਼ੋਨ : 098379-88530

੧੨. ਰੂਪਨਗਰ - ਭਾਈ ਰਾਮ ਸਿੰਘ ਜੀ, ਫ਼ੋਨ : 82880-05592

੧੩. ਗੁਰਦਾਸਪੁਰ - ਭਾਈ ਹਰਦਿਆਲ ਸਿੰਘ ਜੀ, ਫ਼ੋਨ : 98728-18933

੧੪. ਪਠਾਨਕੋਟ - ਭਾਈ ਕੰਵਲਜੀਤ ਸਿੰਘ ਜੀ, ਫ਼ੋਨ : 94177-77632

੧੫. ਬਟਾਲਾ - ਭਾਈ ਗੋਪਾਲ ਸਿੰਘ ਜੀ, ਫ਼ੋਨ : 94640-80003

ਸੋ ਕਹੀਅਤ ਹੈ
# ਸੂਰਾ

For Private Circulation only

Volume 1 Issue 2

**ਸਰਪ੍ਰਸਤ**
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।

**ਪ੍ਰਬੰਧਕੀ ਸੰਪਾਦਕ**
ਪ੍ਰਿੰਸੀਪਲ ਜੋਗਿੰਦਰ ਸਿੰਘ

**ਸੰਪਾਦਕ**
ਤਲਵਿੰਦਰ ਸਿੰਘ ਬੁੱਟਰ

**ਸਲਾਹਕਾਰ ਬੋਰਡ**
ਭਾਈ ਬਖ਼ਸ਼ੀਸ਼ ਸਿੰਘ ਫ਼ਗਵਾੜਾ
(+91-98889-08211)
ਭਾਈ ਜੋਧ ਸਿੰਘ ਦਿੱਲੀ
ਪ੍ਰੋ. ਮਨਮੋਹਨ ਸਿੰਘ ਅਜੀਤਗੜ੍ਹ
ਭਾਈ ਦਲਜਿੰਦਰ ਸਿੰਘ ਪਟਿਆਲਾ
ਭਾਈ ਅਜੀਤ ਸਿੰਘ ਲੁਧਿਆਣਾ

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਅਮਰਜੀਤ ਸਿੰਘ ਅੰਮ੍ਰਿਤਸਰ

**ਮੁੱਖ ਦਫ਼ਤਰ**
ਮਕਾਨ ਨੰਬਰ : 532, ਫ਼ੇਜ਼-3ਬੀ1, ਅਜੀਤਗੜ੍ਹ (ਮੋਹਾਲੀ) ਪਿੰਨ : 160059
ਫ਼ੋਨ ਨੰਬਰ : 93177-53202

**ਰਚਨਾਵਾਂ ਭੇਜਣ ਦਾ ਪਤਾ**
ਮਾਰਫ਼ਤ ਤਲਵਿੰਦਰ ਸਿੰਘ ਬੁੱਟਰ
ਸ਼ਹੀਦ ਬਾਬਾ ਦੀਪ ਸਿੰਘ ਜੀ ਕਲੋਨੀ,
ਸ੍ਰੀ ਦਸਮੇਸ਼ ਅਕੈਡਮੀ ਰੋਡ,
ਸ੍ਰੀ ਅਨੰਦਪੁਰ ਸਾਹਿਬ। ਪਿੰਨ : 140118
e-mail : akjmagzine@yahoo.com
ਫ਼ੋਨ ਨੰਬਰ : 94649-44440
(ਕੇਵਲ ਸੰਪਾਦਕੀ ਮਾਮਲਿਆਂ ਲਈ)

## ਸੰਪਾਦਕੀ

# ਗੁਰਸਿੱਖ ਸੰਗਤਾਂ ਨੂੰ ਅਪੀਲ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ-ਇਸ਼ਨਾਨਾਂ ਲਈ ਦੇਸ-ਦੇਸਾਂਤਰਾਂ ਵਿਚ ਵੱਸਦੇ ਹਰੇਕ ਸਿੱਖ ਦੀ ਦਿਲੀ ਤਮੰਨਾ ਹੁੰਦੀ ਹੈ, ਜਿਸ ਕਰਕੇ ਦੇਸ਼-ਵਿਦੇਸ਼ਾਂ ਤੋਂ ਗੁਰਸਿਖ ਸੰਗਤਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਅਸਥਾਨ ਦੇ ਦਰਸ਼ਨਾਂ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਉਂਦੀਆਂ ਰਹਿੰਦੀਆਂ ਹਨ। ਬੇਸ਼ੱਕ ਇਥੇ ਸੰਗਤਾਂ ਦੀ ਠਹਿਰ ਸਬੰਧੀ ਅਨੇਕਾਂ ਸਰਾਵਾਂ ਅਤੇ ਆਸ਼ਰਮ ਖੁੱਲ੍ਹੇ ਹੋਏ ਹਨ ਪਰ ਸੰਗਤਾਂ ਦੀ ਵੱਧ ਰਹੀ ਆਮਦ ਅਤੇ ਗੁਰਸਿੱਖ ਜਨਾਂ ਦੀ ਲੋੜ ਨੂੰ ਦੇਖਦਿਆਂ ਅਖੰਡ ਕੀਰਤਨੀ ਜਥੇ ਵਲੋਂ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਹੀ ਬਾਬਾ ਸਾਹਿਬ ਚੌਂਕ, ਗੁਰਦੁਆਰਾ ਬਾਬਾ ਅਟੱਲ ਸਾਹਿਬ ਨੇੜੇ, ਦੇਸ਼-ਵਿਦੇਸ਼ ਦੀਆਂ ਗੁਰਸਿਖ ਸੰਗਤਾਂ ਦੇ ਸਹਿਯੋਗ ਨਾਲ ਇਕ ਹਜ਼ਾਰ ਗਜ਼ ਜ਼ਮੀਨ ਮੁੱਲ ਖਰੀਦ ਕੇ ਇਥੇ ਸੰਗਤਾਂ ਦੀ ਰਿਹਾਇਸ਼ ਲਈ 'ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਿਵਾਸ' ਤਾਮੀਰ ਕਰਵਾਉਣ ਦੀ ਬੀੜਾ ਚੁੱਕਿਆ ਗਿਆ ਹੈ। ਇਥੇ ਪਿਛਲੇ ਸਾਲਾਂ ਤੋਂ ਸਰਬਲੋਹ ਬਿਬੇਕ ਦੇ ਲੰਗਰ ਦਾ ਲਗਾਤਾਰ ਪਹਿਰਾ ਚੱਲ ਰਿਹਾ ਹੈ ਅਤੇ ਸੰਗਤਾਂ ਦੀ ਰਿਹਾਇਸ਼ ਲਈ ਯਾਤਰੀ ਨਿਵਾਸ ਦੀ ਦੇਸ਼-ਵਿਦੇਸ਼ ਦੀਆਂ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਕਾਰ-ਸੇਵਾ ਚੱਲ ਰਹੀ ਹੈ। ਇਸ ਕਾਰਜ ਲਈ ਸੰਗਤਾਂ ਵਲੋਂ ਭੇਜੀ ਗਈ ਹਰ ਤਰ੍ਹਾਂ ਦੀ ਸਹਾਇਤਾ ਅਤੇ ਹੋਣ ਵਾਲੇ ਖਰਚੇ ਦਾ ਸਾਰਾ ਹਿਸਾਬ-ਕਿਤਾਬ ਪਾਰਦਰਸ਼ੀ ਤਰੀਕੇ ਨਾਲ ਸਮੇਂ-ਸਮੇਂ ਸੰਗਤਾਂ ਦੇ ਸਨਮੁਖ ਰੱਖਿਆ ਜਾਵੇਗਾ ਤਾਂ ਜੋ ਇਸ ਸੇਵਾ ਵਿਚ ਕਿਸੇ ਤਰ੍ਹਾਂ ਦੇ ਸ਼ੰਕੇ ਦੀ ਗੁੰਜਾਇਸ਼ ਨਾ ਰਹੇ। ਇਸ ਸਾਰੇ ਕਾਰਜ ਦਾ ਪ੍ਰਬੰਧ ਜਥੇ ਵਲੋਂ ਜ਼ਿੰਮੇਵਾਰ ਸਿੰਘਾਂ ਦੇ ਸਹਿਯੋਗ ਨਾਲ ਬਣਾਏ ਗਏ 'ਰੰਗੁਲੇ ਸੱਜਣ ਮੈਮੋਰੀਅਲ ਚੈਰੀਟੇਬਲ ਟਰੱਸਟ' ਰਾਹੀਂ ਚਲਾਇਆ ਜਾ ਰਿਹਾ ਹੈ। ਸਮੁੱਚੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੂੰ ਸਾਡੀ ਬੇਨਤੀ ਹੈ ਕਿ ਉਹ ਇਸ ਯਾਤਰੀ ਨਿਵਾਸ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਨ ਲਈ ਆਪਣੀ ਯਥਾ-ਸ਼ਕਤੀ ਮੁਤਾਬਕ ਆਪਣੇ ਦਸਵੰਧ ਦੀ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ।



**ਜਥੇਦਾਰ ਅਖੰਡ ਕੀਰਤਨੀ ਜਥਾ**

### ਬੇਨਤੀ

ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।

### ਚੰਦਾ

ਸਾਲਾਨਾ ਚੰਦਾ
ਭਾਰਤ 100 ਰੁਪਏ,
ਵਿਦੇਸ਼ਾਂ ਲਈ 1200 ਰੁਪਏ।

ਉਮਰ ਭਰ ਲਈ ਚੰਦਾ
ਭਾਰਤ 1500 ਰੁਪਏ,
ਵਿਦੇਸ਼ਾਂ ਲਈ 10,000 ਰੁਪਏ।

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ

ਸੋ ਕਹੀਅਤ ਹੈ ਸੂਰਾ

ਅੰਕ : ੨ ਸਾਲ : ੧ ਫ਼ਰਵਰੀ ੨੦੧੩

ਮਾਘ-ਫ਼ੱਗਣ, ੫੪੪ ਨਾਨਕਸ਼ਾਹੀ

**ਅਖੰਡ ਕੀਰਤਨੀ ਜਥੇ ਦਾ ਨਿਰੋਲ ਧਾਰਮਿਕ ਮਾਸਿਕ ਪੱਤਰ**



'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫ਼ਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇਨ-ਬਿਨ ਸਹਿਮਤ ਹੋਵੇ।

ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।


## ਲੇਖਕਾਂ ਤੇ ਪਾਠਕਾਂ ਲਈ

* ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸੰਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
* ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸੰਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫ਼ਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਖ਼ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
* ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
* ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।


ਇੱਕ ਦੀ ਉਪਾਸ਼ਨਾ ੪
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਕਲਾਧਾਰੀ ਅਕਾਲ ਪੁਰਖ ਦੇ ਅਚਰਜ ਕੌਤਕ ੭
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਗੁਰੂ ਨਾਨਕ ਜੀ ਤੇ ਸਾਇੰਸ ੮
ਪ੍ਰੋ. ਪੂਰਨ ਸਿੰਘ ਜੀ

ਸਦੀਵੀ ਬਸੰਤ ਕਿਵੇਂ ਸੰਭਵ ਹੈ ? ੯
ਗੁਰਪੁਰਵਾਸੀ ਸ. ਅਜੀਤ ਸਿੰਘ ਜੀ

ਨਾਨਕ ਤਿਨਾ ਬਸੰਤੁ ਹੈ ੧੧
ਡਾ. ਸ਼ਮਸ਼ੇਰ ਸਿੰਘ ਪਟਿਆਲਾ

ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ੧੩
ਸੂਬੇਦਾਰ ਧਰਮ ਸਿੰਘ ਸੁਜੋਂ

ਤੀਰਥ ਉਦਮੁ ਸਤਿਗੁਰੂ ਕੀਆ ੧੫
ਗੁਰਪੁਰਵਾਸੀ ਭਾਈ ਜੋਗਿੰਦਰ ਸਿੰਘ ਤਲਵਾੜਾ

ਗੁਰੂ, ਅਕਾਲ ਪੁਰਖ ਦਾ ਭੇਦ ਤੇ ਅਭੇਦਤਾ ੧੬
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਅਦੁੱਤੀ ਯੋਧਾ ੧੫
ਪ੍ਰੋ. ਸਾਹਿਬ ਸਿੰਘ

ਕੀਰਤਨ ਦੀ ਮਹੱਤਤਾ ੧੮
ਪ੍ਰਿੰਸੀਪਲ ਸਜਣ ਸਿੰਘ ਜੀ, ਨਵੀਂ ਦਿੱਲੀ

ਸਾਕਾ ਨਨਕਾਣਾ ਸਾਹਿਬ ੨੧
ਗਿਆਨੀ ਪ੍ਰਤਾਪ ਸਿੰਘ

ਸਿੱਖ ਧਰਮ ਦੇ ਪ੍ਰਸਾਰ ਵਿਚ ਮਾਵਾਂ ਦਾ ਯੋਗਦਾਨ ੨੪
ਤਲਵਿੰਦਰ ਸਿੰਘ ਬੁੱਟਰ


ਮਾਲਕ, ਪ੍ਰਕਾਸ਼ਕ ਤੇ ਛਾਪਕ ਸਤਿੰਦਰਪਾਲ ਸਿੰਘ ਨੇ ਕਲਾਸਿਕ ਪ੍ਰਿੰਟੋਗ੍ਰਾਫ਼ਿਕਸ, 240, ਇੰਡਸਟਰੀਅਲ ਏਰੀਆ ਫ਼ੇਜ਼-1 ਪੰਚਕੂਲਾ ਤੋਂ ਛਪਵਾ ਕੇ ਅਖੰਡ ਕੀਰਤਨੀ ਜਥੇ ਵਲੋਂ ਮਕਾਨ ਨੰਬਰ : 532, ਫ਼ੇਜ਼-3ਬੀ1, ਅਜੀਤਗੜ੍ਹ ਤੋਂ ਜਾਰੀ ਕੀਤਾ।

# ਫਲਗੁਣਿ ਨਿਤ ਸਲਾਹੀਐ

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥

(ਬਾਰਹ ਮਾਹਾ ਮਾਝ ਮਹਲਾ ੫ ਘਰੁ ੪, ਅੰਗ : ੧੩੩)

## ਅਰਥ

ਗੁਰੂ ਸਾਹਿਬ ਫ਼ੱਗਣ ਮਹੀਨੇ ਦੁਆਰਾ ਦੱਸਦੇ ਹਨ ਕਿ, (ਉਨ੍ਹਾਂ ਜੀਵ ਇਸਤਰੀਆਂ ਦੇ ਅੰਦਰ) ਆਤਮ-ਅਨੰਦ ਉਪਜਦਾ ਹੈ ਜਿਨ੍ਹਾਂ ਦੇ ਅੰਤਰ ਆਤਮੇ ਸੱਜਣ ਪ੍ਰਭੂ ਜੀ ਆ ਬਿਰਾਜਦੇ ਹਨ। (ਸਤਿਸੰਗ ਵਿਚ ਜੁੜੇ) ਗੁਰਮੁੱਖ ਸਿੱਖ ਸੰਤ, ਪਰਮਾਤਮ-ਰਾਮ ਨੂੰ ਮਿਲਾਉਣ ਵਿਚ ਸਹਾਈ ਹੁੰਦੇ ਹਨ ਅਤੇ ਸੰਤ-ਸਤਿਗੁਰੂ ਨੇ ਕਿਰਪਾ ਕਰਕੇ ਉਨ੍ਹਾਂ ਨੂੰ ਪ੍ਰਭੂ ਨਾਲ ਮਿਲਾ ਦਿੱਤਾ ਹੈ।

(ਸਤਿਗੁਰੂ ਦੇ ਬਖ਼ਸ਼ੇ ਨਾਮ ਦੀ ਸਿਮਰਨ-ਕਲਾ ਨਾਲ) ਉਨ੍ਹਾਂ ਦੇ ਹਿਰਦੇ ਰੂਪੀ ਸੇਜਾ ਅਤਿ ਸੁਹਾਵਣੀ ਹੋ ਜਾਂਦੀ ਹੈ, ਉਨ੍ਹਾਂ ਨੂੰ ਸਾਰੇ ਹੀ ਸੁੱਖ ਪ੍ਰਾਪਤ ਹੋ ਜਾਂਦੇ ਹਨ ਅਤੇ ਇਸ ਅਲੌਕਿਕ ਦਸ਼ਾ ਵਿਚ ਉਨ੍ਹਾਂ ਦੇ ਹਿਰਦੇ ਵਿਚ ਦੁੱਖਾਂ ਲਈ ਕੋਈ ਥਾਂ ਨਹੀਂ ਰਹਿੰਦੀ। ਉਨ੍ਹਾਂ ਵਡਭਾਗਣਾਂ (ਜੀਵ ਇਸਤਰੀਆਂ ਦੀ ਦਰਸ਼ਨ-ਮਿਲਾਪ) ਦੀ ਲੋਚਾ ਪੂਰੀ ਹੋ ਜਾਂਦੀ ਹੈ, ਕਿਉਂਕਿ ਉਨ੍ਹਾਂ ਨੇ ਹਰੀ ਰਾਜਾ (ਪ੍ਰਭੂ) ਵਰ ਪ੍ਰਾਪਤ ਕਰ ਲਿਆ ਹੁੰਦਾ ਹੈ।

(ਪ੍ਰਭੂ ਪ੍ਰਾਪਤੀ ਹੋ ਕੇ) ਗੁਰਮੁੱਖ ਸਖੀ ਸਹੇਲੀਆਂ ਨਾਲ ਮਿਲ ਕੇ ਉਹ, ਆਤਮ-ਅਨੰਦ ਦੇਣ ਵਾਲਾ ਹਰਿ-ਜਸ ਰੂਪੀ ਮੰਗਲ ਗਾਉਂਦੀਆਂ ਹਨ ਅਤੇ ਗੋਬਿੰਦ ਪ੍ਰਭੂ ਦੇ ਗੀਤ ਗੁਰਬਾਣੀ ਰੂਪ ਵਿਚ ਅਲਾਪਦੀਆਂ ਹਨ। ਉਨ੍ਹਾਂ ਰੰਗ-ਰੱਤੀਆਂ ਜੀਵ-ਇਸਤਰੀਆਂ ਨੂੰ ਹਰੀ-ਪ੍ਰਭੂ ਵਰਗਾ ਹੋਰ ਕੋਈ ਦਿਸਦਾ ਹੀ ਨਹੀਂ, ਕੋਈ ਦੂਜਾ ਹਰੀ-ਪ੍ਰਭੂ ਦੀ ਬਰਾਬਰੀ ਦਾ ਜਾਪਦਾ ਹੀ ਨਹੀਂ।

ਵਾਹਿਗੁਰੂ ਨੇ ਉਨ੍ਹਾਂ ਜੀਵਾਂ ਦਾ ਲੋਕ ਪ੍ਰਲੋਕ ਸਵਾਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਅਡੋਲ ਅਵਸਥਾ ਬਖ਼ਸ਼ ਦਿੱਤੀ ਹੈ। ਵਾਹਿਗੁਰੂ ਨੇ ਸੰਸਾਰ-ਸਮੁੰਦਰ (ਦੇ ਸੰਕਲਪਾਂ ਵਿਕਲਪਾਂ) ਤੋਂ (ਹੱਥ ਦੇ ਕੇ) ਉਹ ਜੀਵ ਰੱਖ ਲਏ ਹਨ। ਮੁੜ ਗਰਭ-ਜੂਨੀਆਂ ਦੇ ਜੰਮਣ (ਮਰਨ ਦੇ ਗੇੜ) ਵੱਲ ਉਹ ਧਾਈ ਨਹੀਂ ਕਰਦੇ। ਭਾਵ, ਉਨ੍ਹਾਂ ਦੇ ਜਨਮ-ਮਰਨ ਦੇ ਗੇੜ ਮਿਟ ਜਾਂਦੇ ਹਨ।

'ਨਾਨਕ' (ਮੁਹਰ ਛਾਪ ਹੇਠ ਸਤਿਗੁਰੂ ਜੀ ਫ਼ੁਰਮਾਉਂਦੇ ਹਨ) ਕਿ ਸਾਡੀ ਜੀਭ ਇਕ ਹੈ ਪਰ ਉਸ ਵਾਹਿਗੁਰੂ ਦੇ ਗੁਣਾਂ ਦਾ ਕੋਈ ਅੰਤ ਨਹੀਂ। ਜਿਹੜੇ ਪ੍ਰਾਣੀ ਉਸ ਵਾਹਿਗੁਰੂ ਦੇ ਚਰਨੀਂ ਲੱਗਦੇ ਹਨ, ਉਸ ਦਾ ਨਾਮ ਸਿਮਰਦੇ ਹਨ, ਉਹ (ਇਸ ਸੰਸਾਰ-ਸਮੁੰਦਰ ਤੋਂ) ਤਰ ਜਾਂਦੇ ਹਨ। (ਤਾਂ ਤੇ) ਫਲਗੁਣ ਮਹੀਨੇ ਦੁਆਰਾ (ਇਹੋ ਉਪਦੇਸ਼ ਹੈ ਕਿ) ਉਸ ਵਾਹਿਗੁਰੂ ਨੂੰ ਨਿਤਪ੍ਰਤਿ ਹਰ ਵੇਲੇ ਹੀ ਸਲਾਹੁੰਦੇ ਰਹੀਏ, ਸਦਾ ਹੀ ਉਸ ਵਾਹਿਗੁਰੂ ਜੀ ਦਾ ਸਿਮਰਨ ਕਰਦੇ ਰਹੀਏ, ਜਿਸ ਵਾਹਿਗੁਰੂ ਨੂੰ ਨਾ ਕੋਈ ਛਲ-ਫ਼ਰੇਬ ਹੈ ਅਤੇ ਨਾ ਹੀ ਕੋਈ ਤਮ੍ਹਾ-ਲਾਲਚ। ▪▪

# ਇੱਕ ਦੀ ਉਪਾਸ਼ਨਾ



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ੴ

ਇਹ ਬੜੀ ਹੀ ਅਧੋਗਤੀ ਵਾਲੀ ਗੱਲ ਹੈ ਕਿ ਜਦ 'ਇੱਕ' ਦੇ ਸਰੂਪ ਤੋਂ ਹੀ ਅਸੀਂ ਘੁੱਥੇ ਹੋਏ ਹਾਂ ਤਾਂ 'ਇਕ' ਦੀ ਉਪਾਸ਼ਨਾ ਕਿਥੇ ? ਮੰਨਿਆ ਕਿ 'ਇੱਕ ਦੀ ਉਪਾਸ਼ਨਾ' ਤੋਂ ਖੁੰਝਾਉਣ ਤੇ ਭੁਲਾਉਣ ਵਾਲੀ ਉਪਾਸ਼ਨਾ 'ਦੂਜੇ ਭਾਵ ਦੀ ਉਪਾਸ਼ਨਾ' ਹੈ, ਪਰ ਕੀ ਇਹ ਦੂਜੇ ਭਾਵ ਦੀ ਉਪਾਸ਼ਨਾ ਦੇਵੀ-ਦੇਵਤਿਆਂ ਦੇ ਨਾ ਮੰਨਣ ਵਿਚ ਹੀ ਮੁੱਕ ਖੜੋਤੀ ? ਕਦਾਚਿੱਤ ਨਹੀਂ; ਸਗੋਂ ਦੂਣੀ ਚਉਣੀ ਚਿੰਬੜੀ ਹੋਈ ਹੈ।

ਸੰਸਾਰ ਭਰ ਵਿਚ ਜਿਤਨੇ ਭੀ ਮੱਤ-ਮਤਾਂਤਰ ਹੋਏ ਅਥਵਾ ਹੋ ਹੋ ਕੇ ਮੁਕ ਖਲੋਏ ਅਤੇ ਹੁਣ ਅੱਜ ਦੀ ਘੜੀ ਹੋਣ ਦਾ ਦਾਅਵਾ ਰੱਖਦੇ ਹਨ, ਸਭ ਦੇ ਸਭ ਆਪੋ ਆਪਣੇ ਥਾਈਂ 'ਇਕ ਦੇ ਉਪਾਸ਼ਕ' ਹੋਣ ਦੇ ਦਾਅਵੇਦਾਰ ਬਣੇ ਬੈਠੇ ਹਨ। ਇਸ 'ਇਕ ਦੀ ਉਪਾਸ਼ਨਾ' ਵਲੋਂ ਕੋਈ ਭੀ ਇਕ ਦੂਜੇ ਨਾਲੋਂ ਘੱਟ ਨਹੀਂ ਸਦਾਉਂਦਾ। ਪਰ ਜਦ ਇਸ ਇਕ ਦੀ ਉਪਾਸ਼ਨਾ ਵਾਲੇ ਅਸਲ ਭਾਵ ਨੂੰ ਦੀਰਘ-ਦ੍ਰਿਸ਼ਟੀ ਦੁਆਰਾ ਵਿਚਾਰ ਕੇ ਦੇਖੀਦਾ ਹੈ, ਤਦ ਕੇਵਲ ਗੱਲੀਂ-ਬਾਤੀਂ ਹੀ ਘਰ ਪੂਰੇ ਹੁੰਦੇ ਦਿਸਦੇ ਹਨ; ਅਮਲੋਂ ਊਰੇ ਅਤੇ ਫੋਕੇ ਦਾਅਵੇ ਹੀ ਦਾਅਵੇ ਨਿਕਲਦੇ ਹਨ। ਜਿਨਾਂ ਮੱਤਾਂ ਦੇ ਅਸੂਲ ਅੰਦਰ ਹੀ 'ਇੱਕ ਦੀ ਉਪਾਸ਼ਨਾ' ਅਸਲੋਂ ਹੈ ਨਹੀਂ, ਉਹ ਤਾਂ ਉੱਕੇ ਹੀ 'ਇੱਕ ਦੇ ਉਪਾਸ਼ਕ' ਨਹੀਂ ਬਣ ਸਕਦੇ। 'ਇੱਕ ਦੇ ਉਪਾਸ਼ਕ' ਬਣ ਸਕਣਾ ਤਾਂ ਕਿਤੇ ਰਿਹਾ, ਉਥੇ ਤਾਂ 'ਇੱਕ' ਅਤੇ 'ਇੱਕ ਦੀ ਉਪਾਸ਼ਨਾ' ਦੀ ਸੂਝ-ਬੂਝ ਹੀ ਨਹੀਂ ਹੋ ਸਕਦੀ, ਪਰ ਜਿਸ ਮੱਤ ਦੇ ਅੰਦਰ 'ਇੱਕ ਦੀ ਉਪਾਸ਼ਨਾ' ਵਾਲਾ ਅਸੂਲ ਕੁੱਟ-ਕੁੱਟ ਕੇ ਭਰਿਆ ਹੋਵੇ ਓਸ ਮੱਤ ਅੰਦਰ ਭੀ ਜੇ ਓਸ ਮੱਤ ਦੇ ਪੈਰੋਕਾਰ, ਅਰਥਾਤ ਓਸ ਮੱਤ ਉਤੇ ਚੱਲਣ ਦੇ ਦਾਅਵੇਦਾਰ ਇਸ 'ਇੱਕ ਦੀ ਉਪਾਸ਼ਨਾ' ਵਾਲੇ ਅਸੂਲ ਤੋਂ ਘੁੱਥੇ ਚਲੇ ਜਾਂਦੇ ਹੋਣ ਅਤੇ 'ਇਕ ਦੇ ਉਪਾਸ਼ਕ' ਬਣਨੋਂ ਰਹਿ ਖੜੋਤੇ ਹੋਣ ਤਦ ਦੂਜੇ ਮੱਤ-ਮਤਾਂਤਰ ਦਾ ਕੀ ਵੱਟੀਦਾ ਹੈ; ਉਨਾਂ ਦੇ ਘੁੱਥ ਜਾਣ ਦਾ ਤਾਂ ਠਿਕਾਣਾ ਹੀ ਕੁਛ ਨਹੀਂ।

ਇਸ ਵਰਤਮਾਨ ਸਮੇਂ ਵਿਚ ਜਿੰਨੇ ਭੀ ਮੱਤ-ਮਤਾਂਤਰ ਹਨ, ਤਿਨਾਂ ਵਿਚੋਂ 'ਇੱਕ ਦੀ ਉਪਾਸ਼ਨਾ' ਵਿਚ ਮੰਨਿਆ ਪ੍ਰਮੰਨਿਆ ਮੱਤ ਹੈ ਤਾਂ ਕੇਵਲ 'ਗੁਰਮਤਿ' ਹੈ। ਐਥੋਂ ਤੀਕ ਕਿ 'ਇੱਕ' ਦੀ ਨਿਰੋਲ ਉਪਾਸ਼ਨਾ ਜੇ ਹੈ ਤਾਂ ਕੇਵਲ 'ਗੁਰਮਤਿ' ਅੰਦਰ ਹੀ ਹੈ।

ਏਸ ਨਿਰੋਲਤਾ ਦੇ ਕਾਰਨ ਹੀ ਗੁਰਮਤਿ, ਕੇਵਲ ਗੁਰਮਤਿ ਹੀ ਸੱਚਾ ਅਤੇ ਸਦੀਵੀ ਧਰਮ ਹੈ। ਏਸ ਗੱਲ ਨੂੰ ਅਨਮਤੀਆਂ ਅਤੇ ਗੁਰਮਤਿ ਦੇ ਸ਼ੁਸ਼ਕ ਵਿਸ਼ਵਾਸੀਆਂ ਪ੍ਰਤਿ ਭਲੀ ਪ੍ਰਕਾਰ ਸਿਧ ਅਤੇ ਨਿਸ਼ਚਿਤ ਕਰਨ ਲਈ ਕਿ 'ਕੇਵਲ ਗੁਰਮਤਿ ਹੀ ਸੱਚਾ ਅਤੇ ਸਦੀਵੀ ਧਰਮ ਹੈ' "ਗੁਰਮਤਿ ਵਿਹੂਣ ਹੋਰ ਕੋਈ ਮੱਤ ਭੀ ਮੱਤ ਅਰਥਾਤ ਧਰਮ ਨਹੀਂ" ਨਾਮੇ ਵੱਖਰੇ ਲੇਖ ਦੁਆਰਾ ਨਿਰਣਾ ਕੀਤਾ ਜਾ ਸਕਦਾ ਹੈ। ਪਰ ਏਸ ਲੇਖ ਅੰਦਰ ਕੇਵਲ ਇਸ ਗੱਲ ਦਾ ਨਿਰਣਾ ਹੀ ਕਰਨਾ ਹੈ ਕਿ ਜਿਸ ਗੁਰਮਤਿ ਅੰਦਰ 'ਇਕ ਦੀ ਉਪਾਸ਼ਨਾ' ਵਾਲਾ ਅਸੂਲ ਹੋਰ ਸਭਨਾਂ ਅਸੂਲਾਂ ਤੋਂ ਮੁੱਖ ਅਤੇ ਮੰਨਿਆ-ਦੰਨਿਆ ਅਸੂਲ ਹੈ, ਉਸ ਗੁਰਮਤਿ ਉਤੇ ਚੱਲਣ ਦੇ ਦਾਅਵੇਦਾਰ ਕਿਥੇ ਕੁ ਤਾਈਂ ਇਸ 'ਇੱਕ ਦੀ ਉਪਾਸ਼ਨਾ' ਵਾਲੇ ਅਸੂਲ ਦੇ ਅਨੁਸਾਰੀ ਹਨ। ਅਸਾਡੇ ਸਿੱਖ ਮੱਤ ਦੇ ਅਨੇਕਾਂ ਉਪਦੇਸ਼ਕ ਲੋਕਾਂ ਪ੍ਰਤੀ 'ਇੱਕ ਦੀ ਉਪਾਸ਼ਨਾ' ਦ੍ਰਿੜਾਉਣ ਹਿਤ 'ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰ ਜਾਇ॥ ਏਕੋ ਸਿਮਰੋ ਨਾਨਕਾ ਜਲਿ ਥਲਿ ਰਹਿਆ ਸਮਾਇ*॥' (*ਗੁਰਬਾਣੀ ਅੰਦਰ ਅਸਲ ਤੁਕ **'ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥ ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥ ( ਸਲੋਕ ਮ. ੩, ਅੰਗ : ੫੦੯)** ਵਾਲੀ ਗੁਰਦੀਖਿਆ ਨੂੰ ਉਚੀ-ਉਚੀ ਪੁਕਾਰਦੇ ਸੁਣੀਂਦੇ ਹਨ, ਪਰ ਅੱਜ ਤਾਈਂ 'ਇੱਕ ਦੀ ਉਪਾਸ਼ਨਾ' ਦੇ ਅਸੂਲ 'ਤੇ ਚੱਲਣਾ ਤਾਂ ਕਿਤੇ ਰਿਹਾ, ਆਮ ਤੌਰ 'ਤੇ 'ਇੱਕ ਦੀ ਉਪਾਸ਼ਨਾ' ਵਾਲੀ ਸੂਝ-ਬੂਝ ਹੀ ਨਹੀਂ ਆਈ ਦਿਸਦੀ। ਉਪਦੇਸ਼ ਦੇ ਅੱਜ-ਕੱਲ ਦੇ ਰਿਵਾਜ਼ੀ ਮੰਡਲਾਂ ਅੰਦਰ ਇਸ 'ਇੱਕ ਦੀ ਉਪਾਸ਼ਨਾ' ਦੇ ਅਰਥ ਕੇਵਲ ਇਹੋ ਹੀ ਲਾਏ ਤੇ ਦ੍ਰਿੜਾਏ ਜਾਂਦੇ ਹਨ ਕਿ 'ਇਕ ਅਕਾਲ ਪੁਰਖ' ਤੋਂ ਛੁਟ ਹੋਰ ਦੇਵੀ-ਦੇਵਤਿਆਂ ਆਦਿ ਦੀ ਉਪਾਸ਼ਨਾ ਨਾ ਕਰਨਾ, ਬਸ ਇਹ 'ਇੱਕ ਦੀ ਉਪਾਸ਼ਨਾ' ਹੈ।

'ਇੱਕ ਦੀ ਉਪਾਸ਼ਨਾ' ਦੀ ਏਸੇ ਵਿਆਖਿਆ ਨੂੰ ਮੁੱਖ ਰੱਖ ਕੇ ਜਦੋਂ ਦਾ ਸਿੰਘ ਸਭਾ ਦਾ ਪਰਚਾਰ ਹੋਣ ਲੱਗਾ ਹੈ, ਦੇਵੀ-ਦੇਵਤਿਆਂ ਦਾ ਖੰਡਨ ਦਬਾ-ਦਬ ਦੀਵਾਨਾਂ ਵਿਚ ਹੁੰਦਾ ਚਲਾ ਆਇਆ ਹੈ। ਐਥੇ ਤਾਈਂ ਕਿ ਦੇਵੀ-ਦੇਵਤਿਆਂ ਦਾ ਖੰਡਨ ਕਰਨਾ ਅਤੇ ਹੁੰਦੇ ਸੁਣਨਾ ਹੀ 'ਇੱਕ ਦੀ ਉਪਾਸ਼ਨਾ' ਵਿਚ ਤਤਪਰ ਹੋਣਾ ਸਮਝਿਆ ਜਾਂਦਾ ਰਿਹਾ ਹੈ। ਇਸ ਤਰਾਂ 'ਇੱਕ ਦੀ ਉਪਾਸ਼ਨਾ' ਦਾ ਜੋ ਪਰਚਾਰ ਹੋਇਆ, ਉਹ ਕੇਵਲ ਏਥੇ ਤੱਕ ਹੀ ਹੋਇਆ ਕਿ ਦੇਵੀ-ਦੇਵਤਿਆਂ ਦੀ ਮਨੌਤੀ ਹਟ ਗਈ।

ਸਿੰਘ ਸਭਾ ਦੇ ਪਰਚਾਰ ਦੀ ਇਹ ਕਾਮਯਾਬੀ ਭੀ ਧੰਨਤਾ ਯੋਗ ਹੈ, ਪਰ ਖਿਮਾ ਕਰਨਾ, 'ਇੱਕ ਦੀ ਉਪਾਸ਼ਨਾ' ਦੇ ਅਸੂਲ ਦੇ ਅਸਲ ਸਰੂਪ ਦੇ ਸਾਹਮਣੇ ਇਹ ਕਾਮਯਾਬੀ ਐਵੇਂ ਚਿਤ ਪਰਚਾਵਨਾ ਹੀ

ਹੈ। ਦੁਹਾਈ ਦੇ ਕੇ ਕਹਿਣਾ ਪੈਂਦਾ ਹੈ ਕਿ 'ਇੱਕ ਦੀ ਉਪਾਸ਼ਨਾ' ਅਜੇ ਤੀਕ ਦ੍ਰਿੜ ਨਹੀਂ ਹੋਈ। ਦ੍ਰਿੜ ਹੋਣਾ ਤਾਂ ਦੂਰ ਰਿਹਾ, ਅਜੇ ਤਾਈਂ ਇਹ 'ਇੱਕ ਦੀ ਉਪਾਸ਼ਨਾ' ਦੇ ਅਸਲ ਸਰੂਪ ਦਾ ਅਨੁਮਾਨ ਮਾਤ੍ਰ ਭੀ ਨਹੀਂ ਹੋਇਆ। ਬਸ। "ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥" ਵਾਲੇ ਗੁਰਵਾਕ ਦੇ ਆਗਿਆਕਾਰ ਅਸੀਂ ਦੇਵੀ-ਦੇਵਤਿਆਂ ਦੇ ਨਾ ਮੰਨਣ ਵਿਚ ਹੀ ਬਣ ਬੈਠੇ ਅਤੇ ਏਸ ਮਨ-ਮੰਨੀ ਆਗਿਆਕਾਰੀ ਦੇ ਤਾਣ ਖਰੇ ਖਾਸੇ 'ਇੱਕ ਦੀ ਉਪਾਸ਼ਨਾ' ਦੇ ਅਨੁਸਾਰੀ ਆਪਣੇ ਆਪ ਨੂੰ ਸਦਾਉਣ ਲੱਗ ਪਏ। ਪਰ ਇਹ ਬੜੀ ਹੀ ਅਧੋਗਤੀ ਵਾਲੀ ਗੱਲ ਹੈ ਕਿ ਜਦ 'ਇੱਕ' ਦੇ ਸਰੂਪ ਤੋਂ ਹੀ ਅਸੀਂ ਘੁੱਥੇ ਹੋਏ ਹਾਂ ਤਾਂ 'ਇਕ' ਦੀ ਉਪਾਸ਼ਨਾ ਕਿਥੇ ? ਮੰਨਿਆ ਕਿ 'ਇੱਕ ਦੀ ਉਪਾਸ਼ਨਾ' ਤੋਂ ਖੁੰਝਾਉਣ ਤੇ ਭੁਲਾਉਣ ਵਾਲੀ ਉਪਾਸ਼ਨਾ 'ਦੂਜੇ ਭਾਵ ਦੀ ਉਪਾਸ਼ਨਾ' ਹੈ, ਪਰ ਕੀ ਇਹ ਦੂਜੇ ਭਾਵ ਦੀ ਉਪਾਸ਼ਨਾ ਦੇਵੀ-ਦੇਵਤਿਆਂ ਦੇ ਨਾ ਮੰਨਣ ਵਿਚ ਹੀ ਮੁੱਕ ਖੜੋਤੀ ? ਕਦਾਚਿੱਤ ਨਹੀਂ; ਸਗੋਂ ਦੂਣੀ ਚਉਣੀ ਚਿੰਬੜੀ ਹੋਈ ਹੈ। ਦੇਵੀ-ਦੇਵਤਿਆਂ ਦੇ ਨਾ ਮੰਨਣ ਵਾਲੇ ਹੋਣ ਤੇ ਅਸੀਂ ਦੂਜੇ ਭਾਵ ਦੀ ਉਪਾਸ਼ਨਾ ਦੇ ਖ਼ਤਰੇ ਤੋਂ ਅਵੇਸਲੇ ਹੋ ਗਏ ਅਤੇ ਏਸ ਅਵੇਸਲੇਪਣ ਵਿਚ ਅਸਲ ਉਪਾਸ਼ਨਾ 'ਇੱਕ ਦੀ ਉਪਾਸ਼ਨਾ' ਤੋਂ ਕੋਰੇ ਰੱਖਣ ਵਾਲੀਆਂ ਹੋਰ ਬਲਾਵਾਂ ਸਾਨੂੰ ਅਚਿੰਤੇ ਹੀ ਆ ਚਿੰਬੜੀਆਂ, ਜਿਨਾਂ ਦੀ ਚਮੇੜ ਸਾਨੂੰ ਕੇਵਲ ਏਸ ਕਮ-ਅਕਲੀ ਦੇ ਕਾਰਨ-ਕਿ ਦੂਜੇ ਭਾਵ ਦੀ ਉਪਾਸ਼ਨਾ ਅਸੀਂ ਦੇਵੀ-ਦੇਵਤਿਆਂ ਦੇ ਮੰਨਣ ਵਿਚ ਹੀ ਸਮਝ ਬੈਠੇ ਸੀ-ਪ੍ਰਤੀਤ ਮਾਤਰ ਭੀ ਨਹੀਂ ਹੋ ਰਹੀ।

'ਇੱਕ ਅਕਾਲ ਪੁਰਖ' ਦੀ ਉਪਾਸ਼ਨਾ ਤੋਂ ਛੁਟ ਹੋਰ ਜਿਤਨੀ ਭੀ ਉਪਾਸ਼ਨਾ ਹੈ, ਸਭ ਦੂਜੇ ਭਾਵ ਦੀ ਉਪਾਸ਼ਨਾ ਹੈ। ਉਪਾਸ਼ਨਾ ਦਾ ਅਰਥ ਆਮ ਤੌਰ 'ਤੇ ਪੂਜਣਾ ਸਮਝਿਆ ਗਿਆ ਹੈ, ਗੁਰਮਤਿ ਅੰਦਰ 'ਇੱਕੋ ਅਕਾਲ ਪੁਰਖ' ਦੇ ਪਰਾਇਣ ਹੀ ਹਰ ਦਮ ਚਿੱਤ ਬ੍ਰਿਤੀ ਦਾ ਹੋਣਾ 'ਇੱਕ' ਦੀ ਉਪਾਸ਼ਨਾ ਹੈ। ਇਸ ਬ੍ਰਿਤੀ ਤੋਂ ਉਪਰਾਮ ਹੋਣਾ ਅਰਥਾਤ ਇਕ 'ਅਕਾਲ ਪੁਰਖ' ਨੂੰ ਛੱਡ ਕੇ ਚਿੱਤ ਬ੍ਰਿਤੀ ਦਾ ਦੂਜੇ ਪਾਸੇ ਲੱਗਣਾ ਇਹ ਗੁਰਮਤਿ ਅਨੁਸਾਰ ਦੂਜੇ ਭਾਵ ਦੀ ਉਪਾਸ਼ਨਾ ਅਰਥਾਤ ਪੂਜਾ ਹੈ। ਦੇਵੀ-ਦੇਵਤਿਆਂ ਦੀ ਪੂਜਾ ਤੋਂ ਹਟਾਉਣ ਦਾ ਭਾਵ ਕੇਵਲ ਇਹੋ ਸੀ ਕਿ ਬ੍ਰਿਤੀ ਚੱਤੋ ਪਹਿਰ ਏਧਰ ਖੱਚਤ ਰਹਿਣ ਕਰਕੇ 'ਅਕਾਲ ਪੁਰਖ' ਵੱਲ ਆਉਣੋਂ ਹੀ ਰਹਿ ਖੜੋਤੀ ਸੀ ਅਤੇ 'ਇੱਕ ਅਕਾਲ ਪੁਰਖ' ਤੋਂ ਛੁਟ ਦੂਤੀ ਵਸਤ ਵੱਲ ਲੱਗ ਰਹੀ ਸੀ। ਪਰ ਜੇਕਰ ਬ੍ਰਿਤੀਆਂ ਦੇਵੀ-ਦੇਵਤਿਆਂ ਵਲੋਂ ਤਾਂ ਛੁੜਕ ਖਲੋਤੀਆਂ ਹਨ ਤੇ ਅਕਾਲ ਪੁਰਖ ਵੱਲ ਅਜੇ ਭੀ ਨਹੀਂ ਲੱਗੀਆਂ ਤਾਂ ਇਉਂ ਜਾਣੋ ਕਿ ਇਕ ਬਲਾ ਦੇ ਹੱਥੋਂ ਛੁਟ ਕੇ ਦੂਜੀ ਡਾਇਣ ਦੇ ਫੰਧੇ ਵਿਚ ਫਸ ਗਈਆਂ ਹਨ। ਜਦ ਤੱਕ ਬ੍ਰਿਤੀ ਕਿਸੇ ਨਾ ਕਿਸੇ ਫਾਹੀ ਵਿਚ ਫਸੀ ਹੋਈ ਹੈ ਅਤੇ ਇੱਕ ਅਕਾਲ ਪੁਰਖ ਵੱਲ ਨਹੀਂ ਲੱਗੀ ਤਦ ਤੱਕ ਦੂਜੇ ਭਾਵ ਦੀ ਉਪਾਸ਼ਨਾ ਨਹੀਂ ਮੁਕੀ ਅਤੇ 'ਇਕ ਦੀ ਉਪਾਸ਼ਨਾ' ਵਾਲੀ ਦਸ਼ਾ ਪ੍ਰਾਪਤ ਨਹੀਂ ਹੋਈ। ਇੱਕ ਦੀ ਉਪਾਸ਼ਨਾ ਦਾ ਤੱਤ ਸਰੂਪ ਗੁਰਮਤਿ ਇਸ ਬਿਧ ਸੂਚਨਾ ਕਰਾਉਂਦੀ ਹੈ :-

**ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥**
**ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥**
**ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥**
**ਅਨਿਕ ਬਿਸਥਾਰ ਏਕ ਤੇ ਭਏ ॥ ਏਕੁ ਅਰਾਧਿ ਪਰਾਛਤ ਗਏ ॥**
**ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥**
**ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮ ॥੧੯ ॥**
**(ਗਉੜੀ ਸੁਖਮਨੀ ਮ.੫, ਅਸ਼ਟਪਦੀ ੧੯, ਅੰਗ : ੨੮੯)**

ਇਹ 'ਇੱਕ' ਦੀ ਉਪਾਸ਼ਨਾ ਦਾ ਸੱਚਾ ਸਰੂਪ ਹੈ। 'ਇੱਕ ਦੀ ਉਪਾਸ਼ਨਾ' ਦੇ ਸਰੂਪ ਤੋਂ ਬ੍ਰਿਤੀ ਦਾ ਉਰੇ ਤੇ ਊਣੇ ਹੋਣਾ ਹੀ ਦੂਜੇ ਭਾਵ ਦੀ ਉਪਾਸ਼ਨਾ ਵਿਚ ਪਰਵਿਰਤ ਹੋਣਾ ਹੈ, ਜੋ ਨਿਰੀ ਬੁੱਤ-ਪ੍ਰਸਤੀ (ਮੂਰਤੀ ਪੂਜਾ) ਹੈ। ਜੇ ਦੇਵੀ-ਦੇਵਤਿਆਂ ਦੀ ਪੂਜਾ ਤੋਂ ਅਵੇਸਲੇ ਹੋ ਗਏ ਤਾਂ ਕੀ ਹੋਇਆ ? ਜਦਕਿ ਮਾਇਆ ਰੂਪੀ ਡਾਇਣ ਅਤੇ ਮਾਇਆ ਦੇ ਅਨੇਕ ਪਰਕਾਰ ਦੇ ਅਡੰਬਰਾਂ ਅਤੇ ਪੰਜ ਵਿਕਰਮਾਂ ਰੂਪੀ ਦੈਂਤਾਂ ਅੱਗੇ ਮੂਜੂ ਬਣੇ ਖੜੇ ਰਹੇ। ਜਿਸ ਦੇਵੀ-ਦੇਵਤੇ ਦਾ ਵਜੂਦ ਹੀ ਕਿਸੇ ਨਹੀਂ ਦੇਖਿਆ, ਜੇ ਉਸ ਫ਼ਰਜੀ ਹਊਏ ਤੋਂ ਮਨ ਹੁਟਕ ਖੜੋਤਾ ਹੈ ਤਾਂ ਕੋਈ ਦੂਤੀਏ ਭਾਵ ਦੀ ਉਪਾਸ਼ਨਾ ਮੁਕ ਠੁਕ ਨਹੀਂ ਗਈ, ਐਵੇਂ ਫ਼ਰਜ਼ਾ ਫ਼ਰਜ਼ੀ ਹੀ ਹੈ, ਪਰ ਜਿਹੜੀਆਂ ਅਫ਼ਾਤਾਂ ਪਰਤੱਖ ਤੌਰ ਪਰ ਮਨ ਨੂੰ ਫਾਹੀ ਬੈਠੀਆਂ ਹਨ ਤਿਨਾਂ ਤੋਂ ਛੁੱਟਣ ਦਾ ਕੋਈ ਹੀਲਾ ਨਹੀਂ, ਮਾਨੋ ਕਿ 'ਇੱਕ ਦੀ ਉਪਾਸ਼ਨਾ' ਵਿਚ ਉਹ ਬਿਘਨਕਾਰੀ ਹੀ ਪਰਤੀਤ ਨਹੀਂ ਹੁੰਦੀਆਂ। ਜਿਸ ਨਾਗਨੀ ਤੋਂ ਗੁਰੂ ਮਹਾਰਾਜ ਸਰਬ ਸੰਸਾਰੀਆਂ ਦਾ ਛੁਟਕਾਰਾ ਕਰਾਇਆ ਲੋੜਦੇ ਹਨ, ਓਸੇ ਬਲਾ ਦੇ ਸ਼ਿਕਾਰ ਅਜੇ ਉਹ ਸੱਜਣ ਇਕ-ਦੂੰ-ਵਾਢਿਓਂ ਹੋ ਰਹੇ ਹਨ, ਜਿਨਾਂ ਨੂੰ ਕਿ ਗੁਰਸਿੱਖ ਦੀ ਹੈਸੀਅਤ ਵਿਚ 'ਇੱਕ ਦੇ ਉਪਾਸ਼ਕ' ਸਦਾਵਣ ਦਾ ਦਾਅਵਾ ਹੈ। ਗੁਰੂ ਮਹਾਰਾਜ ਤਾਂ ਦੱਸ ਰਹੇ ਹਨ :-

**ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥**
**ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥੨ ॥(੫)**
**(ਗੂਜਰੀ ਕੀ ਵਾਰ ਮ.੩, ਅੰਗ : ੫੧੦)**

ਪਰ ਸ਼ੋਕ ਕਿ 'ਇਕ ਦੀ ਸੇਵਾ' ਦੇ ਦਾਅਵੇਦਾਰ ਉਲਟੇ ਮਾਇਆ ਦੀ ਸੇਵਾ ਵਿਚ ਲੱਥ-ਪੱਥ ਹੋਣ! ਕੀ ਮਾਇਆ ਦੇ ਸੇਵਣਹਾਰਿਆਂ ਉਤੇ 'ਇੱਕ ਦੇ ਉਪਾਸ਼ਕ ਹੋਣ' ਵਾਲਾ ਪਦ ਘਟ ਸਕਦਾ ਹੈ ? ਕਦੇ ਨਹੀਂ। ਸਗੋਂ ਮਾਇਆ-ਪ੍ਰਸਤ ਪੱਕੇ ਬੁੱਤ-ਪ੍ਰਸਤ ਹਨ, ਵਾਹਿਦ-ਪ੍ਰਸਤ ਨਹੀਂ।

ਇਸ ਬੁੱਤ-ਪ੍ਰਸਤੀ ਦਾ ਸਰੂਪ ਇਕ ਨਹੀਂ, ਅਨੇਕ ਹਨ, ਪਰ ਸਮੁੱਚੀ ਬੁੱਤ-ਪ੍ਰਸਤੀ ਦਾ ਨਿਰਣਾ ਗੁਰੂ ਮਹਾਰਾਜ ਇਸ ਬਿਧ ਉਘੇੜ ਕੇ ਦੱਸਦੇ ਹਨ :-

**ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ**
**ਜਿਤੁ ਰਾਮ ਨਾਮੁ ਨਹੀ ਵਸਿਆ ॥...੨ ॥(੮ ॥੧ ॥੯)**
**(ਬਸੰਤੁ ਮ. ੪, ਅੰਗ : ੧੧੯੧)**

ਜਿਥੇ 'ਏਕੋ ਜਪਿ' ਵਾਲੀ ਉਪਾਸ਼ਨਾ ਸੱਚੀ ਵਾਹਿਦ-ਪ੍ਰਸਤੀ ਹੈ ਓਥੇ ਇਸ 'ਏਕੋ ਜਪਿ' ਵਾਲੇ ਭਾਵ ਦੇ ਵਿਰਦ ਤੋਂ ਕੋਰਾਪਣ।

**ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਸੁਆਉ ਨ ਪਾਇਆ ॥**
**ਨਾਨਕ ਰਸਨਾ ਸਬਦਿ ਰਸਾਇ ਜਿਨਿ ਹਰਿ ਮੰਨਿ ਵਸਾਇਆ ॥੧ ॥(੫)**
**(ਬਿਹਾਗੜੇ ਕੀ ਵਾਰ, ਸਲੋਕ ਮ. ੩, ਅੰਗ :੫੫੦)**

ਵਾਲੇ ਗੁਰਵਾਕ ਅਨੁਸਾਰ ਵਿਚਾਰ ਲਵੋ ਕਿ ਕਿਤਨੀ ਕੁ ਧ੍ਰਿਗਾਕਾਰ ਕਰਾਉਣ ਵਾਲਾ ਕਸੋਦਾ ਹੈ, ਰਸਨਾ ਕਰਕੇ 'ਇੱਕ' ਨੂੰ ਵਿਚਾਰਨਾ ਅਤੇ ਰਸਨਾ ਕਰਕੇ 'ਇੱਕ' ਨੂੰ ਚਿਤਾਰਨਾ ਹੀ ਜਦ ਗੁਰਮਤਿ ਅੰਦਰ ਪ੍ਰਗ ਖਲੋਣਾ ਤੇ ਵਾਹਿਦ-ਪ੍ਰਸਤੀ ਵਿਚ ਤਤਪਰ ਹੋਣਾ ਹੈ। ਯਥਾ ਗੁਰਵਾਕ :-

**ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ ॥**
**ਨਾਨਕ ਗੁਰਮੁਖਿ ਰਸਨਾ ਹਰਿ ਜਪੈ ਹਰਿ ਕੈ ਨਾਇ ਪਿਆਰਿਆ ॥੨ ॥੫ ॥**
**(ਬਿਹਾਗੜੇ ਕੀ ਵਾਰ, ਮ.੩, ਅੰਗ : ੫੫੦)**

ਤਦ ਅਨੁਮਾਨ ਕਰ ਲੈਣਾ ਲੋੜੀਦਾ ਹੈ ਕਿ ਨਾਮ ਤੋਂ ਘੁਥ ਕੇ ਅਹਿਨਿਸ ਧੰਧੇ-ਧਾਵਨੀਆਂ ਵਿਚ ਲੱਥ-ਪੱਥ ਹੋਣਾ ਇੱਕ ਦੀ ਉਪਾਸ਼ਨਾ ਵਾਲੀ ਵਾਟ ਤੋਂ ਕਿਤਨੀ ਕੁ ਵਿੱਥ ਪਰੇਡੇ ਡਿੱਗਣਾ ਹੈ। ਨਾਮ ਨੂੰ ਵਿਸਾਰਨਹਾਰੇ ਜਿਤਨੇ ਮਾਇਆ ਦੇ ਧੰਧ ਬੰਧ ਹਨ, ਸਭ ਦੂਜੇ ਭਾਵ ਦੀ ਉਪਾਸ਼ਨਾ ਅਤੇ ਮੜ੍ਹਾ-ਪ੍ਰਸਤੀ ਹੈ। ਜੈਸੇ ਕਿ ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ :-

**ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥**
**ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ ॥੧ ॥(੧੮)**
**(ਵਡਹੰਸ ਕੀ ਵਾਰ, ਸਲੋਕ ਮ.੩, ਅੰਗ : ੫੯੩)**

ਨਾਲ ਲਗਦੇ ਹੀ ਏਨਾਂ ਧੰਧ-ਬੰਧ ਦੇ ਦੁਖਦਾਈ ਦੁਹਿਕਰਮਾਂ ਤੋਂ ਹਟਾਵਣ ਹਿਤ "ਇੱਕ" ਦੀ ਉਪਾਸ਼ਨਾ ਗੁਰੂ ਮਹਾਰਾਜ ਇਸ ਤਰਾਂ ਦ੍ਰਿੜਾਉਂਦੇ ਹਨ :-

**ਗੁਰ ਪਰਸਾਦੀ ਸੁਖੁ ਊਪਜੈ ਜਾ ਗੁਰ ਕਾ ਸਬਦੁ ਕਮਾਇ ॥**

**ਸਚੀ ਬਾਣੀ ਕਰਮ ਕਰੇ ਅਨਦਿਨੁ ਨਾਮੁ ਧਿਆਇ ॥੧॥(੧੮)**

**(ਬਿਹਾਗੜੇ ਕੀ ਵਾਰ, ਸਲੋਕ ਮ.੩, ਅੰਗ : ੫੯੩)**

ਜਦ ਤਾਈਂ ਕਿ ਮਨ, ਮਾਇਆ ਦੀਆਂ ਅਨੇਕ ਪ੍ਰਕਾਰ ਦੀਆਂ ਲਹਿਰਾਂ ਵਿਚ ਗੋਤੇ ਖਾ ਰਿਹਾ ਹੈ ਅਤੇ 'ਇੱਕ' ਵਲ ਨਹੀਂ ਆਉਂਦਾ, ਓਦੋਂ ਤੱਕ ਦੂਜੇ ਭਾਵ ਦੀ ਉਪਾਸ਼ਨਾ ਅਰਥਾਤ ਬੁੱਤ-ਪ੍ਰਸਤੀ ਦੇ ਹੜ ਵਿਚ ਹੀ ਰੁੜਿਆ ਜਾਂਦਾ ਸਮਝਿਆ ਜਾਣਾ ਚਾਹੀਦਾ ਹੈ।

ਅਸੀਂ ਗੁਰੂ ਦੇ ਸਿੱਖ ਦੀ ਹੈਸੀਅਤ ਵਿਚ 'ਇੱਕ' ਦੇ ਉਪਾਸ਼ਕ ਸਦਾਵਣਹਾਰੇ ਕਦਾਚਿਤ ਬੁੱਤ-ਪ੍ਰਸਤੀ ਦੇ ਕਲੰਕ ਤੋਂ ਨਹੀਂ ਬਚ ਸਕਦੇ, ਜਦ ਤਾਈਂ ਕਿ ਅਸੀਂ ਮਾਇਆ ਦੇ ਅਡੰਬਰਾਂ ਵਿਚ ਰਚੇ ਪਚੇ ਤੇ ਮੋਹ ਮਮਤਾ ਵਿਚ ਗ੍ਰਸਤ ਹੋਏ 'ਇੱਕ' ਦੇ ਸਰੂਪ ਤੋਂ ਕੋਰੇ ਅਗਿਆਤ ਫਿਰਦੇ ਹਾਂ। ਜੇ ਕੰਚਨ ਨਾਰੀ ਸਿਉ ਜੀਉ ਲੁਭਾਇਮਾਨ ਹੈ ਤਦ ਭੀ ਬੁੱਤ-ਪ੍ਰਸਤ। ਜੇ ਸੁਤ ਮੀਤ ਕੁਟੰਬ ਦੇ ਫੇੜਿਆਂ ਵਿਚ ਫਾਥੇ ਹੋਏ ਹਾਂ, ਤਦ ਭੀ ਬੁੱਤ-ਪ੍ਰਸਤ। ਸੋਭਾ ਅਤੇ ਵਡਿਆਈ ਦੇ ਪਾਤਰ ਬਣਨ ਹਿਤ ਧਰਮ ਦੀ ਆੜ ਲੈਂਦੇ ਹੋਇ ਪਰਪੰਚ-ਅਖਾੜੇ ਰਚਦੇ ਹਾਂ, ਤਦ ਭੀ ਬੁੱਤ-ਪ੍ਰਸਤ। ਗੱਲ ਕੀ, ਮਾਇਆ ਨਾਲ ਮਨੂਰ ਹੋਏ ਮਨ ਨੂੰ ਮਾਇਆ ਦਾ ਰੂਪ ਹੀ ਸਮਝੋ। ਉਥੇ 'ਇੱਕ' ਦੀ ਆਸ ਕਿਥੇ? ਉਥੇ ਤਾਂ ਬਸ ਮਾਇਆ ਹੀ ਮਾਇਆ ਹੈ। ਅੱਠੋ ਪਹਿਰ ਮਾਇਆ ਦੀਆਂ ਹੀ ਚਿਤਵਣੀਆਂ, ਮਾਇਆ ਦੀਆਂ ਸੋਚਾਂ? ਮਾਇਆ ਦੀਆਂ ਹੀ ਗੱਲਾਂ ਅਤੇ ਮਾਇਆ ਦੀਆਂ ਹੀ ਧਾਵਨੀਆਂ ਰਹਿੰਦੀਆਂ ਹਨ। ਮਾਇਆ ਦੇ ਅਨੇਕ ਪਰਕਾਰ ਦੇ ਅਡੰਬਰਾਂ ਨੂੰ ਗੁਰੂ ਸਾਹਿਬ ਇਸ ਬਿਧ ਤ੍ਰਿਸਕਾਰ ਕੇ, ਮਾਇਆ-ਗ੍ਰਸਤ ਜੀਵਾਂ ਦੀ ਮਾਇਆ ਵਲੋਂ ਉਪਰਾਮਤਾ ਕਰਾਇਆ ਚਾਹੁੰਦੇ ਹਨ; ਯਥਾ ਗੁਰਵਾਕ :-

ਅਸੀਂ ਗੁਰੂ ਦੇ ਸਿੱਖ ਦੀ ਹੈਸੀਅਤ ਵਿਚ 'ਇੱਕ' ਦੇ ਉਪਾਸ਼ਕ ਸਦਾਵਣਹਾਰੇ ਕਦਾਚਿਤ ਬੁੱਤ-ਪ੍ਰਸਤੀ ਦੇ ਕਲੰਕ ਤੋਂ ਨਹੀਂ ਬਚ ਸਕਦੇ, ਜਦ ਤਾਈਂ ਕਿ ਅਸੀਂ ਮਾਇਆ ਦੇ ਅਡੰਬਰਾਂ ਵਿਚ ਰਚੇ ਪਚੇ ਤੇ ਮੋਹ ਮਮਤਾ ਵਿਚ ਗ੍ਰਸਤ ਹੋਏ 'ਇੱਕ' ਦੇ ਸਰੂਪ ਤੋਂ ਕੋਰੇ ਅਗਿਆਤ ਫਿਰਦੇ ਹਾਂ। ਜੇ ਕੰਚਨ ਨਾਰੀ ਸਿਉ ਜੀਉ ਲੁਭਾਇਮਾਨ ਹੈ ਤਦ ਭੀ ਬੁੱਤ-ਪ੍ਰਸਤ। ਜੇ ਸੁਤ ਮੀਤ ਕੁਟੰਬ ਦੇ ਫੇੜਿਆਂ ਵਿਚ ਫਾਥੇ ਹੋਏ ਹਾਂ, ਤਦ ਭੀ ਬੁੱਤ-ਪ੍ਰਸਤ। ਸੋਭਾ ਅਤੇ ਵਡਿਆਈ ਦੇ ਪਾਤਰ ਬਣਨ ਹਿਤ ਧਰਮ ਦੀ ਆੜ ਲੈਂਦੇ ਹੋਇ ਪਰਪੰਚ-ਅਖਾੜੇ ਰਚਦੇ ਹਾਂ, ਤਦ ਭੀ ਬੁੱਤ-ਪ੍ਰਸਤ। ਗੱਲ ਕੀ, ਮਾਇਆ ਨਾਲ ਮਨੂਰ ਹੋਏ ਮਨ ਨੂੰ ਮਾਇਆ ਦਾ ਰੂਪ ਹੀ ਸਮਝੋ। ਉਥੇ 'ਇੱਕ' ਦੀ ਆਸ ਕਿਥੇ?

**ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ ॥**

**ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ ॥**

**ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿਦ ਨਾਮੁ ਮਜੀਠਾ ॥**

**ਥੀਵਹਿ ਲਾਲਾ ਅਤਿ ਗੁਲਾਲਾ ਸਬਦੁ ਚੀਨਿ ਗੁਰ ਮੀਠਾ ॥**

**ਮਿਥਿਆ ਮੋਹਿ ਮਗਨੁ ਥੀ ਰਹਿਆ ਝੂਠ ਸੰਗਿ ਲਪਟਾਨਾ ॥**

**ਨਾਨਕ ਦੀਨ ਸਰਣਿ ਕਿਰਪਾ ਨਿਧਿ ਰਾਖੁ ਲਾਜ ਭਗਤਾਨਾ ॥੨॥**

**(ਸੂਹੀ ਛੰਤ ਮ. ੫, ਅੰਗ : ੭੭੭)**

ਇਕ ਦੀ ਉਪਾਸ਼ਨਾ ਦਾ ਅਟੱਲ ਹੁਕਮ ਦਿੰਦੇ ਹੋਏ ਗੁਰੂ ਸਾਹਿਬ ਦੂਤੀ ਉਪਾਸ਼ਨਾ ਦਾ ਅਭਾਵ ਨਾਲ ਹੀ ਨਾਲ ਫੇਰ ਇਸ ਬਿਧ ਕਰਾਉਂਦੇ ਹਨ:-

**ਸੁਣਿ ਬਾਵਰੇ ਸੇਵਿ ਠਾਕੁਰੁ ਨਾਥੁ ਪਰਾਣਾ ॥**

**ਸੁਣਿ ਬਾਵਰੇ ਜੋ ਆਇਆ ਤਿਸੁ ਜਾਣਾ ॥**

**ਨਿਹਚਲੁ ਹਭ ਵੈਸੀ ਸੁਣਿ ਪਰਦੇਸੀ ਸੰਤਸੰਗਿ ਮਿਲਿ ਰਹੀਐ ॥**

**ਹਰਿ ਪਾਈਐ ਭਾਗੀ ਸੁਣਿ ਬੈਰਾਗੀ ਚਰਣ ਪ੍ਰਭੂ ਗਹਿ ਰਹੀਐ ॥**

**ਏਹੁ ਮਨੁ ਦੀਜੈ ਸੰਕ ਨ ਕੀਜੈ ਗੁਰਮੁਖਿ ਤਜਿ ਬਹੁ ਮਾਣਾ ॥**

**ਨਾਨਕ ਦੀਨ ਭਗਤ ਭਵ ਤਾਰਣ ਤੇਰੇ ਕਿਆ ਗੁਣ ਆਖਿ ਵਖਾਣਾ ॥੨॥**

**(ਸੂਹੀ ਛੰਤ ਮ. ੫, ਅੰਗ : ੭੭੭)**

ਇਸ ਦੇ ਅਗਲੇਰੇ ਨਾਲ ਲਗਦੇ ਗੁਰ-ਪਰਮਾਣ ਅੰਦਰ ਮਾਯਾਵੀ ਮਾਨ ਵਾਲੀ ਦੂਤੀ ਉਪਾਸ਼ਨਾ ਦਾ ਅਭਾਵ ਹੀ 'ਇੱਕ' ਦੀ ਉਪਾਸ਼ਨਾ ਨੂੰ ਦ੍ਰਿੜ ਕਰਾਉਣ ਹਿਤ ਕਰਾਉਂਦੇ ਹਨ। ਯਥਾ :-

**ਸੁਣਿ ਬਾਵਰੇ ਕਿਆ ਕੀਚੈ ਕੂੜਾ ਮਾਨੋ ॥**

**ਸੁਣਿ ਬਾਵਰੇ ਹਭੁ ਵੈਸੀ ਗਰਬੁ ਗੁਮਾਨੋ ॥**

**ਨਿਹਚਲੁ ਹਭ ਜਾਣਾ ਮਿਥਿਆ ਮਾਣਾ ਸੰਤ ਪ੍ਰਭੂ ਹੋਇ ਦਾਸਾ ॥**

**ਜੀਵਤ ਮਰੀਐ ਭਉਜਲੁ ਤਰੀਐ ਜੇ ਥੀਵੈ ਕਰਮਿ ਲਿਖਿਆਸਾ ॥**

**ਗੁਰੁ ਸੇਵੀਜੈ ਅੰਮ੍ਰਿਤੁ ਪੀਜੈ ਜਿਸੁ ਲਾਵਹਿ ਸਹਜਿ ਧਿਆਨੋ ॥**

**ਨਾਨਕੁ ਸਰਣਿ ਪਇਆ ਹਰਿ ਦੁਆਰੈ ਹਉ ਬਲਿ ਬਲਿ ਸਦ ਕੁਰਬਾਨੋ ॥੩॥**

**(ਸੂਹੀ ਛੰਤ ਮ.੫, ਅੰਗ : ੭੭੭)**

ਅਸਲ ਗੱਲ ਇਹ ਹੈ ਕਿ ਕੂੜਾਵੀ ਮਾਨ-ਮਹੱਤਤਾ ਵਾਲੀ ਚਾਰ ਦਿਹਾੜੇ ਦੀ ਸੋਭਾ ਉਨਾਂ ਦੇ ਚਿੱਤਾਂ 'ਤੇ ਹੀ ਪ੍ਰਬਲ ਹੈ ਜਿਨਾਂ ਦੇ ਰਿਦੰਤਰ 'ਇੱਕ' ਦੀ ਉਪਾਸ਼ਨਾ ਦੀ ਸੱਚੀ ਸਿੱਕ ਨਹੀਂ ਉਪਜਦੀ। ਇਸ ਸੱਚੀ ਸਿੱਕ ਤੋਂ ਊਣੇ ਝੂਣੇ ਲੋਕ ਦੂਜੇ ਭਾਵ ਦੇ ਵਹਿਣ ਵਿਚ ਰੁੜੇ ਚਲੇ ਜਾ ਰਹੇ ਹਨ ਅਤੇ ਠਲ ਕਿਤੇ ਭੀ ਨਹੀਂ ਪੈਂਦੀ। ਆਮ ਲੋਕ ਰੁੜਨ ਤਾਂ ਪਏ ਰੁੜਨ, ਕਿਉਂਕਿ **"ਕਬੀਰ ਨਿਗੁਸਾਂਏਂ ਬਹਿ ਗਏ ਥਾਂਘੀ ਨਾਹੀ ਕੋਇ" (ਸਲੋਕ ਕਬੀਰ ਜੀ, ੫੧, ਅੰਗ: ੧੩੬੭)** ਗੁਰਵਾਕ ਅਨੁਸਾਰ ਨਿਖਸਮਿਆਂ ਨੂੰ ਤਾਂ ਥਾਂਘੀ ਨਹੀਂ ਮਿਲਿਆ, ਪਰ ਜਿਨਾਂ ਦਾ "ਇਸ਼ਟ ਦੇਵ" 'ਇੱਕ' ਦੇ ਸਾਂਗੋ ਪਾਂਗ ਦਿਖਾਵਣਹਾਰਾ, 'ਇੱਕ' ਦੀ ਉਪਾਸ਼ਨਾ ਨੂੰ ਦ੍ਰਿੜਾਵਣਹਾਰਾ, ਦੂਤੀ ਉਪਾਸ਼ਨਾ ਦਾ ਖੁਰਾ ਖੋਜ ਮਿਟਾਵਣਹਾਰਾ ਸੱਚਾ ਗੁਰੂ 'ਗੁਰ ਨਾਨਕ ਦੇਵ' ਹੋਵੇ, ਜੇ ਉਹ ਭੀ ਕਿਸੇ ਵਹਿਣ ਵਿਚ ਰੁੜੇ ਚਲੇ ਜਾਣ ਤਦ ਸਮਝ ਲਉ ਕਿ ਉਹ ਗੁਰਮਤਿ ਦੇ 'ਇੱਕ' ਦੀ ਉਪਾਸ਼ਨਾ ਵਾਲੇ ਅਸੂਲ ਦੀ ਹਾਨੀ ਕਰਾਵਣਹਾਰੇ ਹਨ ਅਤੇ ਗੁਰਮਤਿ ਨੂੰ ਮਨਮਤਿ ਵਿਚ ਖਿੱਚੀ ਲਈ ਜਾਂਦੇ ਹਨ।

ਅਸੀਂ ਗੁਰੂ ਦੇ ਸਿੱਖ ਸਦਾਵਣਹਾਰਿਆਂ ਦੀ ਵਰਤਮਾਨ ਨਿਘਰਦੀ ਕਲਾ ਦੀ ਦਸ਼ਾ ਨੂੰ ਉਘੇੜਨ ਦੇ ਖਲਜਗਣ ਵਿਚ ਪੈਣਾ ਮੁਨਾਸਿਬ ਨਹੀਂ ਸਮਝਦੇ। ਏਥੇ ਕੇਵਲ ਏਤਨਾ ਹਲੂਣਾ ਦੇਣਾ ਹੀ ਯੋਗ ਹੈ ਕਿ ਆਪੋ ਆਪਣੀਆਂ ਬੁਕਲਾਂ ਵਿਚ ਮੂੰਹ ਪਾ ਕੇ ਅਸਾਡੇ ਅੱਜ ਦੇ ਪੰਥ-ਭੂਸ਼ਨਾਂ ਨੂੰ ਅਤੇ ਪੰਥ-ਆਗੂਆਂ ਤੇ ਸਿੱਖ ਸੱਜਣਾਂ ਨੂੰ ਭਲੀ ਪਰਕਾਰ ਦੇਖ ਲੈਣਾ ਚਾਹੀਦਾ ਹੈ ਕਿ ਅਸੀਂ 'ਇੱਕ' ਦੀ ਉਪਾਸ਼ਨਾ ਵਾਲੇ ਅਸੂਲ ਉਤੇ ਕਿਥੇ ਤਾਈਂ ਚਲ ਰਹੇ ਹਾਂ ਅਤੇ ਕਿੰਨੇ ਕੁ ਇਸ ਅਸੂਲ ਤੋਂ ਔਝੜੇ ਪਏ ਫਿਰ ਰਹੇ ਹਾਂ।

ਭੋਲਿਆ ਹਉਮੈ ਸੁਰਤਿ ਵਿਸਾਰਿ ॥
ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥੧॥ ਰਹਾਉ ॥
ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥
ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥੨॥
ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥
ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ ॥੩॥
ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥
ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ ॥੪॥੧॥
(ਰਾਗ ਬਸੰਤੁ, ਮ.੧, ਪੰਨਾ:੧੧੬੮)

ਸ੍ਰੀ ਗੁਰੂ ਅਰਜਨ ਦੇਵ ਜੀ ਰਾਗ ਰਾਮਕਲੀ ਵਿਚ ਫ਼ੁਰਮਾਉਂਦੇ ਹਨ ਕਿ ਜਿਵੇਂ ਗਰਮੀ ਦੀ ਰੁੱਤ ਬੜੀ ਔਖੀ ਤੇ ਗਾਖੜੀ ਹੁੰਦੀ ਹੈ, ਜੇਠ ਹਾੜ ਦੇ ਮਹੀਨਿਆਂ ਵਿਚ ਬੜੀ ਧੁੱਪ ਪੈਣ ਦੇ ਕਾਰਨ ਜੀਵ-ਜੰਤੂ ਦੁਖੀ ਹੁੰਦੇ ਹਨ, ਤਿਵੇਂ ਹੀ ਦੁਹਾਗਣ ਤੇ ਮੰਦਭਾਗਣ ਜੀਵ-ਇਸਤ੍ਰੀ ਪ੍ਰਭੂ-ਪਤੀ ਦੀ ਕਿਰਪਾ-ਦ੍ਰਿਸ਼ਟੀ ਨਾ ਹੋਣ ਕਰਕੇ ਦੁਖੀ ਹੁੰਦੀ ਹੈ। ਉਹ ਪ੍ਰਭੂ-ਪਤੀ ਦੇ ਪ੍ਰੇਮ ਦੀ ਅਣਹੋਂਦ ਕਰਕੇ ਤਪਦੀ ਤੇ ਸੜਦੀ ਰਹਿੰਦੀ ਹੈ :

ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ ॥
ਪ੍ਰੇਮ ਬਿਛੋਹੁ ਦੁਹਾਗਣੀ ਦ੍ਰਿਸਟਿ ਨ ਕਰੀ ਰਾਮ ਜੀਉ ॥
(ਰਾਮਕਲੀ ਮ. ੫, ਰੁਤੀ ਸਲੋਕੁ, ਛੰਤ ੩, ਅੰਗ : ੯੨੮)

ਪੰਚਮ ਪਾਤਿਸ਼ਾਹ ਜੀ ਇਹ ਵੀ ਫ਼ੁਰਮਾਉਂਦੇ ਹਨ ਕਿ ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ-ਪਤੀ ਦਾ ਮਿਲਾਪ ਹਾਸਲ ਹੋ ਜਾਂਦਾ ਹੈ, ਉਸ ਦਾ ਤਨ, ਉਸ ਦਾ ਮਨ ਤੇ ਉਸ ਦਾ ਹਰੇਕ ਸਵਾਸ ਮਉਲ ਜਾਂਦਾ ਹੈ ਅਤੇ ਮਹਿਕ ਉਠਦਾ ਹੈ। ਐਸੀ ਵਡਭਾਗੀ ਜੀਵ-ਇਸਤ੍ਰੀ ਨੂੰ ਬਸੰਤ ਰੁੱਤ ਸੁਖਦਾਈ ਤੇ ਆਨੰਦ-ਦਾਇਕ ਪ੍ਰਤੀਤ ਹੁੰਦੀ ਹੈ। ਉਸ ਲਈ ਚੇਤ ਤੇ ਵੈਸਾਖ ਮਹੀਨੇ ਖ਼ੁਸ਼ੀਆਂ ਤੇ ਖੇੜੇ ਭਰਪੂਰ ਹੋ ਜਾਂਦੇ ਹਨ :

ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥
ਹਰਿ ਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ ॥
(ਰਾਮਕਲੀ ਮ. ੫, ਰੁਤੀ ਸਲੋਕੁ, ਛੰਤ ੨, ਅੰਗ : ੯੨੮)

ਗੁਰੂ ਦੇ ਸ਼ਬਦ ਵਿਚ ਰੱਤੇ ਪ੍ਰਾਣੀਆਂ ਲਈ ਸਦਾ ਹੀ ਬਸੰਤ ਹੈ, ਜਿਸ ਦੇ ਸਦਕੇ ਉਨ੍ਹਾਂ ਦਾ ਤਨ ਤੇ ਮਨ ਹਰਿਆ ਭਰਿਆ ਰਹਿੰਦਾ ਹੈ :

ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ ॥ (੬੦)
(ਸਲੋਕ ਮ.੩, ਅੰਗ : ੧੪੨੦)

▪▪

# ਸ਼ਹੀਦ ਦੀ ਪਦਵੀ

'ਸ਼ਹੀਦ' ਅਸਲ ਵਿਚ ਗੁਰੂ ਵਲੋਂ ਮਿਲਿਆ ਉਸ ਸਿਖ ਨੂੰ ਖ਼ਿਤਾਬ ਹੈ ਜਿਸ ਦਾ 'ਸਿਦਕ ਸਾਬਤ' ਹੈ ਜਾਂ ਜੋ 'ਰਣ ਕਾ ਸੂਰਮਾ' ਹੈ। ਸਾਖੀ ਇਸ ਤਰ੍ਹਾਂ ਆਉਂਦੀ ਹੈ ਕਿ ਕਈ ਵੇਰਾਂ ਸਿੱਖਾਂ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਪੁੱਛਿਆ :

ਸੱਚੇ ਪਾਤਸ਼ਾਹ ! ਸ਼ਹੀਦ ਕਿਨ੍ਹਾਂ ਨੂੰ ਕਹੀਦਾ ਹੈ ?
ਗੁਰੂ ਜੀ ਹੱਸ ਬੋਲੇ :
ਗੁੱਪਤ ਪੁਛੀ ਸਿਖੋ।
ਸ਼ਹੀਦ ਹੈ ਉਹ ਜਿਸ ਦਾ ਸਿਦਕ ਸਾਬਤ।
ਰਣ ਕਾ ਸੂਰਮਾ ਸੋ ਤੋ ਤਰਿਆ।

ਬਿ ਸਿਦਕ ਹੈ ਜੋ ਅਤੇ ਕਾਇਰ ਜੰਜਾਲੀ ਜਨਮ ਮਰਨ ਮਾਹਿ ਭਟਕਦੇ ਹੈਂ। ਸ਼ਹੀਦ ਨੂੰ ਗੁਰੂ ਖੜੇ ਸੰਗਤ ਸਣੇ ਉਡੀਕਦੇ ਹਨ। ਜੈਸੀ ਜੈਸੀ ਭਾਵਨਾ ਸ਼ਹੀਦਾਂ ਦੀ ਹੁੰਦੀ ਹੈ ਤੈਸੀ ਤੈਸੀ ਸਿਧ ਹੁੰਦੀ ਹੈ।


ਸ਼ਹੀਦ ਭਾਈ ਸੁਬੇਗ ਸਿੰਘ ਨੂੰ ਸ਼ਹੀਦ ਕਰਕੇ ਹੋਏ ਮੁਗ਼ਲ ਹਾਕਮ।

ਜਮ ਕੇ ਦੂਤ ਸ਼ਹੀਦਾਂ ਨੂੰ ਪੁੱਛ ਕੇ ਫਿਰਦੇ ਹਨ। ਦੇਵਤਿਆਂ ਨੂੰ ਜੋ ਪਹੁੰਚਦਾ ਹੈ ਸੋ ਸ਼ਹੀਦਾਂ ਦੇ ਹੱਥ ਹੋਇ ਕੈ ਜਾਂਦਾ ਹੈ।

ਪ੍ਰਾਚੀਨ 'ਪੰਥ ਪ੍ਰਕਾਸ਼' ਵਿਚ ਬਾਬਾ ਗੁਰਬਖ਼ਸ਼ ਸਿੰਘ ਸ਼ਹੀਦ ਦੀ ਮਿਸਾਲ ਦੇ ਕੇ ਲਿਖਿਆ ਹੈ ਕਿ ਉਨ੍ਹਾਂ ਦੇ ਸਰੀਰ ਵਿਚੋਂ ਸ਼ਹੀਦ ਹੋਣ ਵੇਲੇ ਭਾਵੇਂ ਖ਼ੂਨ ਦੇ ਫ਼ੁਹਾਰੇ ਇਸ ਤਰ੍ਹਾਂ ਛੁੱਟਦੇ ਸਨ ਜਿਵੇਂ ਕੋਈ ਵੱਡੀ ਮਸ਼ਕ ਵਿਚ ਛੇਕ ਹੋ ਜਾਏ ਪਰ ਉਹ ਮੰਗ ਇਹ ਹੀ ਰਹੇ ਸਨ :

ਪੈਜ ਬਿਰਦ ਕੀ ਸਤਿਗੁਰ ਰਾਖੈ ॥
ਲਾਜ ਨ ਲਾਗੇ ਯੋਂ ਸਿੰਘ ਆਖੈ ॥
ਹੋਇ ਸ਼ਹੀਦੀ ਮੇਰੀ ਪੂਰੀ ॥
ਬਾਰ ਬਾਰ ਸਿੰਘ ਮੰਗੇ ਜ਼ਰੂਰੀ ॥੭੭॥
(ਸਾਖੀ ਨਿਹੰਗ ਭੁਜੰਗੀ ਗੁਰਬਖ਼ਸ਼ ਸਿੰਘ ਸ਼ਹੀਦ ਕੀ)
ਦੋਹਰਾ : ਸਿੰਘ ਸੁ ਪਿਛਲੀ ਤਰਫ਼ ਕੋ ਫੇਰੈ ਨੈਨ ਸੁ ਨਾਹਿ ॥
ਮਤ ਕਤ ਆਖੈ ਜਗਤ ਕੋ ਸਿੰਘ ਗਯੋ ਮੁਖ ਫੇਰ ਪਿਛਾਹਿ ॥

ਬਾਬਾ ਗੁਰਬਖ਼ਸ਼ ਸਿੰਘ ਜੀ ਦੇ ਇਸ ਤਰ੍ਹਾਂ ਸ਼ਹੀਦ ਹੋਣ ਉਤੇ ਸ਼ਹੀਦ ਸਿੰਘਾਂ ਨੇ ਇਕ ਦੂਜੇ ਨੂੰ ਵਧਾਈਆਂ ਦਿੱਤੀਆਂ।

ਸ਼ਹੀਦਨ ਕੈ ਮਧ ਭਈ ਵਧਾਈ ॥
ਹੁਤੇ ਉਡੀਕਤ ਗੁਰਬਖ਼ਸ਼ ਸਿੰਘ ਭਾਈ ॥
(ਪ੍ਰਿੰਸੀਪਲ ਸਤਬੀਰ ਸਿੰਘ, 'ਆਦਿ ਸਿੱਖ ਤੇ ਆਦਿ ਸਾਖੀਆਂ' 'ਚੋਂ)

▪▪

# ਨਾਨਕ ਤਿਨਾ ਬਸੰਤੁ ਹੈ

ਡਾ. ਸ਼ਮਸ਼ੇਰ ਸਿੰਘ ਪਟਿਆਲਾ

ਗੁਰਬਾਣੀ ਵਿਚ ਦਿਨਾਂ, ਵਾਰਾਂ, ਰੁੱਤਾਂ, ਮਹੀਨਿਆਂ ਦਾ ਜ਼ਿਕਰ ਤਾਂ ਜ਼ਰੂਰ ਆਇਆ ਹੈ ਪਰ ਇਨ੍ਹਾਂ ਰਾਹੀਂ ਮਨੁੱਖ ਨੂੰ ਆਤਮਿਕ ਗਿਆਨ ਪ੍ਰਦਾਨ ਕੀਤਾ ਗਿਆ ਹੈ। ਇਸ ਪ੍ਰਕਾਰ ਕੁਦਰਤ ਦਾ ਵਰਨਣ ਕਿਸੇ ਪ੍ਰਕਾਰ ਦੀ ਸਰਗੁਣੀ ਪੂਜਾ ਨਹੀਂ ਹੈ ਸਗੋਂ ਕੁਦਰਤ ਵਿਚ ਕਾਦਰ ਦਾ ਜਲਵਾ ਦੇਖ ਕੇ ਮਨ ਅੰਦਰਲੀ ਵਿਸਮਾਦ ਅਵਸਥਾ ਦਾ ਨਿਰੂਪਣ ਕੀਤਾ ਗਿਆ ਹੈ। ਕੁਦਰਤ ਦਾ ਖੇੜਾ ਮਨ ਨੂੰ ਪ੍ਰੇਰਨਾ ਦੇਣ ਵਾਲਾ ਦੱਸਿਆ ਹੈ। ਇਥੇ ਅਸੀਂ ਕੇਵਲ ਬਸੰਤ ਰੁੱਤ ਦਾ ਵਰਨਣ ਕਰਨਾ ਹੈ, ਗੁਰਬਾਣੀ ਵਿਚ ਬਸੰਤ ਰੁੱਤ ਮਨੁੱਖ ਦੇ ਆਤਮਿਕ ਖੇੜੇ ਨਾਲ ਸਬੰਧਤ ਹੈ।

ਮਨੁੱਖੀ ਜੀਵਨ ਦਾ ਮਨੋਰਥ ਆਤਮਿਕ ਆਨੰਦ ਪ੍ਰਾਪਤ ਕਰਨਾ ਹੈ। ਇਹ ਸਮਾਂ ਨਾਮ ਜਪਣ ਦਾ ਹੈ, ਹੋਰ ਕਿਸੇ ਕਰਮ ਭਾਵ ਤਪ, ਰਟਨ ਆਦਿ ਕਰਮਾਂ ਦੇ ਕਮਾਉਣ ਦਾ ਨਹੀਂ। ਜਿਸ ਤਰ੍ਹਾਂ ਬਸੰਤ ਦਾ ਸਮਾਂ ਆਉਣ 'ਤੇ ਕੁਦਰਤ ਵਿਚ ਹਰਿਆਵਲ, ਸੁਗੰਧੀ ਅਤੇ ਬਹਾਰ ਆਉਂਦੀ ਹੈ ਪਰ ਕੁਝ ਬੂਟੇ ਫ਼ਿਰ ਵੀ ਸੁੱਕੇ ਰਹਿੰਦੇ ਹਨ। ਇਸੇ ਤਰ੍ਹਾਂ ਹੀ ਨਾਮ ਜਪਣ ਵਾਲਾ ਮਨੁੱਖ ਸਦਾ ਬਸੰਤ ਵਾਂਗ ਰਹਿੰਦਾ ਹੈ। ਸੰਗਤ ਵਿਚ ਗੁਰੂ ਦਾ ਉਪਦੇਸ਼ ਕਮਾਉਣ ਵਾਲਾ ਸਾਧਕ ਤਾਂ ਹਮੇਸ਼ਾ ਹੀ ਆਤਮਿਕ ਆਨੰਦ ਵਿਚ ਰਹਿੰਦਾ ਹੈ। ਬਸੰਤ ਰੁੱਤ ਤਾਂ ਸਾਲ ਅੰਦਰ ਕੇਵਲ ਲਗਭਗ ਦੋ ਮਹੀਨੇ ਹੀ ਰਹਿੰਦੀ ਹੈ ਜਦਕਿ ਨਾਮ-ਅਭਿਆਸੀ ਜੀਵ ਸਭ ਰੁੱਤਾਂ ਵਿਚ ਖਿੜਿਆ ਰਹਿੰਦਾ ਹੈ, ਉਸ ਦੇ ਆਤਮਕ ਖੇੜੇ ਦਾ ਭੇਦ ਪ੍ਰਭੂ ਦਾ ਅਸਲ ਚਿੰਤਨ ਹੁੰਦਾ ਹੈ ਕਿਉਂਕਿ ਪ੍ਰਭੂ ਸਦਾ ਖਿੜਿਆ ਰਹਿੰਦਾ ਹੈ। ਗੁਰਬਾਣੀ ਦਾ ਮਨੋਰਥ ਮੁਰਝਾਏ ਹੋਏ ਫੁੱਲਾਂ ਨੂੰ ਖਿੜਾਉਣਾ ਹੈ ਤੇ ਉਨ੍ਹਾਂ ਅੰਦਰ ਪਿਆਰ ਦੀ ਸੁਗੰਧੀ ਪੈਦਾ ਕਰਨਾ ਹੈ :

**ਮਾਹਾ ਰੁਤੀ ਮਹਿ ਸਦ ਬਸੰਤੁ ॥**
**ਜਿਤੁ ਹਰਿਆ ਸਭੁ ਜੀਅ ਜੰਤੁ ॥**
**(ਬਸੰਤ ਮ.੩, ਅੰਗ : ੧੧੭੨)**

ਮਨੁੱਖੀ ਜੀਵਨ ਦਾ ਮਨੋਰਥ ਆਤਮਿਕ ਆਨੰਦ ਪ੍ਰਾਪਤ ਕਰਨਾ ਹੈ। ਇਹ ਸਮਾਂ ਨਾਮ ਜਪਣ ਦਾ ਹੈ, ਹੋਰ ਕਿਸੇ ਕਰਮ ਭਾਵ ਤਪ, ਰਟਨ ਆਦਿ ਕਰਮਾਂ ਦੇ ਕਮਾਉਣ ਦਾ ਨਹੀਂ। ਜਿਸ ਤਰ੍ਹਾਂ ਬਸੰਤ ਦਾ ਸਮਾਂ ਆਉਣ 'ਤੇ ਕੁਦਰਤ ਵਿਚ ਹਰਿਆਵਲ, ਸੁਗੰਧੀ ਅਤੇ ਬਹਾਰ ਆਉਂਦੀ ਹੈ ਪਰ ਕੁਝ ਬੂਟੇ ਫ਼ਿਰ ਵੀ ਸੁੱਕੇ ਰਹਿੰਦੇ ਹਨ। ਇਸੇ ਤਰ੍ਹਾਂ ਹੀ ਨਾਮ ਜਪਣ ਵਾਲਾ ਮਨੁੱਖ ਸਦਾ ਬਸੰਤ ਵਾਂਗ ਰਹਿੰਦਾ ਹੈ। ਸੰਗਤ ਵਿਚ ਗੁਰੂ ਦਾ ਉਪਦੇਸ਼ ਕਮਾਉਣ ਵਾਲਾ ਸਾਧਕ ਤਾਂ ਹਮੇਸ਼ਾ ਹੀ ਆਤਮਿਕ ਆਨੰਦ ਵਿਚ ਰਹਿੰਦਾ ਹੈ।

ਬਸੰਤ ਰੁੱਤ ਕੁਦਰਤ ਅੰਦਰ ਹਰ ਪਾਸੇ ਖੇੜਾ ਲੈ ਕੇ ਆਉਂਦੀ ਹੈ। ਇਹ ਖੇੜਾ ਮਨੁੱਖ ਲਈ ਇਕ ਪ੍ਰੇਰਨਾ ਹੈ ਜਿਹੜਾ ਹਉਮੈ ਕਰਕੇ ਪ੍ਰਭੂ ਤੋਂ ਦੂਰ ਹੋ ਕੇ, ਆਤਮਕ ਸੋਕੇ ਦਾ ਮਾਰਿਆ ਹੋਇਆ ਹੋਣ ਕਰਕੇ, ਆਤਮਕ ਪੱਖ ਤੋਂ ਕੁਮਲਾ ਕੇ ਨਿਰਾਸ਼ ਹੋ ਗਿਆ ਹੈ। ਸਤਿਸੰਗਤ ਕਰਕੇ ਉਹ ਮੁੜ ਹਰਿਆ-ਭਰਿਆ ਹੋ ਸਕਦਾ ਹੈ। ਗੁਰਬਾਣੀ ਦਾ ਇਹੀ ਮੰਤਵ ਹੈ ਕਿ ਮਨੁੱਖ ਦਾ ਇਹ ਮਨ ਮਉਲ ਪਵੇ। ਗੁਰਬਾਣੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਮਨੁੱਖ ਦੀ ਆਤਮਕ ਜਾਗ੍ਰਿਤੀ ਨਾਲ ਸਬੰਧਤ ਹੈ। ਗੁਰਬਾਣੀ ਅੰਦਰ ਬਸੰਤ ਰੁੱਤ ਨੂੰ ਮੁਬਾਰਕ ਆਖਿਆ ਗਿਆ ਹੈ ਕਿਉਂਕਿ ਇਸ ਰਾਹੀਂ ਮਨੁੱਖ ਨੂੰ ਇਕ ਐਸੀ ਪ੍ਰੇਰਨਾ ਮਿਲਦੀ ਹੈ ਕਿ ਉਹ ਪ੍ਰਭੂ-ਨਾਮ ਵਿਚ ਰੱਤਾ ਰਹਿਣ ਲਈ ਉਤਾਵਲਾ ਹੁੰਦਾ ਹੈ। ਮਨੁੱਖ ਅਧਿਆਤਮਕ ਪੱਥ ਉੱਤੇ ਤੁਰਨ ਨਾਲ ਹੀ ਅੰਦਰੋਂ ਮਉਲ ਸਕਦਾ ਹੈ:

**ਬਨਸਪਤਿ ਮਉਲੀ ਚੜਿਆ ਬਸੰਤੁ ॥**
**ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥**
**(ਬਸੰਤ ਮ.੩, ਅੰਗ : ੧੧੭੬)**

ਕੁਦਰਤ ਤੇ ਧਰਮ-ਗ੍ਰੰਥਾਂ ਦਾ ਉਪਦੇਸ਼ ਸਮਦਰਸ਼ੀ ਹੁੰਦਾ ਹੈ। ਇਨ੍ਹਾਂ ਦਾ ਉਪਦੇਸ਼ ਸਭ ਜੀਵਾਂ ਨੂੰ ਬਰਾਬਰ ਅਨੰਦ ਪ੍ਰਦਾਨ ਕਰਦਾ ਹੈ :

**ਮਉਲੀ ਧਰਤੀ ਮਉਲਿਆ ਅਕਾਸੁ ॥**
**ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥**
**(ਕਬੀਰ ਜੀ, ਅੰਗ : ੧੧੯੩)**

ਗੁਰੂ-ਸਵਾਰੇ ਗੁਰਸਿੱਖਾਂ ਦੀ ਸੰਗਤ ਮਨੁੱਖ ਦੇ ਅੰਦਰ ਨਾਮ ਦੀ ਲਗਨ ਪੈਦਾ ਕਰਦੀ ਹੈ। ਨਾਮ ਸਿਮਰਨ ਨਾਲ ਹੀ ਅੰਦਰੋਂ ਅਨੰਦ ਤੇ ਵਿਵਹਾਰਕ ਜੀਵਨ ਵਿਚ ਖੇੜਾ ਆਉਂਦਾ ਹੈ। ਪ੍ਰਭੂ ਦੀ ਜੋਤਿ ਦਾ ਅੰਦਰ ਅੰਤਹਕਰਣ ਵਿਚ ਅਨੁਭਵ ਕਰਨ ਨਾਲ ਹੀ ਮਨੁੱਖੀ ਜੀਵਨ ਵਿਚ ਬਸੰਤ (ਖੇੜਾ) ਆ ਸਕਦੀ ਹੈ। ਸੰਸਾਰ ਦੇ ਜੀਵ ਤ੍ਰਿਸ਼ਨਾ ਦੀ ਅਗਨੀ ਵਿਚ ਸੜ ਕੇ ਸੁਆਹ ਹੋ ਚੁੱਕੇ ਹਨ। ਉਨ੍ਹਾਂ ਦੇ ਮਨਾਂ ਅੰਦਰ ਮਾਇਆ ਦੇ ਭਰਮ, ਦੁਬਿਧਾਵਾਂ ਨੇ ਜੀਵਨ ਨੂੰ ਰੁੱਖਾ ਤੇ ਖ਼ੁਸ਼ਕ ਕਰ ਰੱਖਿਆ ਹੈ। ਇਹ ਰੁੱਤ ਭਾਵ ਇਹ ਮਨੁੱਖੀ ਜੀਵਨ ਦਾ ਸਮਾਂ ਨਾਮ ਜਪਣ ਤੇ ਹਰੇ-ਭਰੇ ਹੋਣ ਭਾਵ ਅਨੰਦ ਪ੍ਰਾਪਤ ਕਰਨ ਦਾ ਹੈ। ਗੁਰਬਾਣੀ ਦਾ ਆਤਮ-ਮਾਰਗ ਬਾਹਰ ਦੀ ਭਟਕਣਾ ਦਾ ਤਿਆਗ ਕਰਨ ਲਈ ਹੀ ਬਰਾਬਰ ਪ੍ਰੇਰਨਾ ਦੇ ਰਿਹਾ ਹੈ। ਮਨ ਅੰਦਰ ਜਦੋਂ ਫੁਰਨਿਆਂ ਦਾ ਅੰਤ ਹੋ ਜਾਂਦਾ ਹੈ ਤਾਂ ਸੁਰਤ ਨਾਮ-ਸਿਮਰਨ ਵਿਚ ਟਿਕ ਜਾਂਦੀ ਹੈ। ਫ਼ਿਰ ਸਦਾ-ਬਸੰਤ ਦੀ ਰੁੱਤ ਵਿਚ ਸਦੀਵੀ ਜੀਵਨ ਖੇੜੇ ਵਾਂਗ ਹੁੰਦਾ ਹੈ। ਮਨੁੱਖ ਆਪਣੀਆਂ ਕਮਜ਼ੋਰੀਆਂ ਤੋਂ ਮੁਕਤ ਹੋ ਕੇ ਦੈਵੀ ਗੁਣਾਂ ਦਾ ਮਾਲਕ ਬਣ ਜਾਂਦਾ ਹੈ। ਗੁਰੂ ਸਾਹਿਬਾਨ ਆਪਣੀ ਪਵਿੱਤਰ ਰਚਨਾ ਦੁਆਰਾ ਸੁੱਕੇ ਹੋਏ ਸੰਸਾਰੀ ਲੋਕਾਂ ਨੂੰ ਹਰਿਆ-ਭਰਿਆ ਕਰਨ ਲਈ ਉਪਦੇਸ਼ ਦ੍ਰਿੜ ਕਰਵਾ ਰਹੇ ਹਨ :

**ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥**
**ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥**
**ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥**
**ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥**
**ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥੧॥**
**(ਬਸੰਤ ਕੀ ਵਾਰ ਮਹਲੁ ੫, ਅੰਗ : ੧੧੯੩)**

ਕੁਦਰਤ ਦਾ ਖੇੜਾ ਤਾਂ ਸਭ ਹਰੀ ਦੇ ਖੇੜੇ ਕਰਕੇ ਹੈ। ਹਰੀ ਤਾਂ ਸਦਾ ਖਿੜਿਆ ਰਹਿੰਦਾ ਹੈ। ਬਸੰਤ ਰੁੱਤ ਦੇ ਖੇੜੇ ਤੋਂ ਸਾਨੂੰ ਹਰੀ ਦੀ ਯਾਦ ਆਉਣੀ ਚਾਹੀਦੀ ਹੈ। ਅਸੀਂ ਹਰੀ ਨੂੰ ਰਸਮੀ ਤੌਰ 'ਤੇ ਪਾਠ-ਪਠਨ ਰਾਹੀਂ ਯਾਦ ਕਰਦੇ ਹਾਂ। ਪ੍ਰਭੂ ਨਾਲ ਮੇਲ ਸਰੀਰਕ ਨਹੀਂ, ਆਤਮਕ ਹੁੰਦਾ ਹੈ। ਅਧਿਆਤਮਕ ਰਚਨਾ ਦਾ ਮੰਤਵ ਅੰਤਰ-ਆਤਮੇ ਦੇ ਮੇਲ ਤੋਂ ਹੈ। ਇਹੀ ਮੇਲ ਆਤਮਕ ਖਿੜਾਓ ਦਾ ਸਾਧਨ ਹੈ। ਇਸ ਸਾਧਨ ਰਾਹੀਂ ਹੀ ਅੰਤਰ-ਆਤਮੇ ਦਾ ਵਾਸਾ ਲੱਭ ਸਕਦਾ ਹੈ :

**ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ ॥**
**ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ ॥੧॥**
**(ਸਲੋਕ ਮ. ੧, ਅੰਗ : ੭੯੧)**
**ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ ॥**
**ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥੨॥**
**(ਮ. ੨, ਅੰਗ : ੭੯੧)**

ਗੁਰਬਾਣੀ ਮਨੁੱਖ ਨੂੰ ਬਾਹਰੀ ਖੇੜੇ ਤੇ ਬਾਹਰੀ ਮਿਲਾਪ ਤੋਂ ਉੱਪਰ ਉਠਾ ਕੇ ਅੰਤਰ-ਆਤਮੇ ਦੇ ਮੇਲ ਲਈ ਪ੍ਰੇਰਨਾ-ਸਰੋਤ ਪ੍ਰਦਾਨ ਕਰਦੀ ਹੈ। ਇਸ ਦੇ ਅਨੁਭਵੀ ਬਚਨਾਂ ਨੇ ਬਹੁਤ ਸਾਰੇ ਲੋਕਾਂ ਨੂੰ ਬਾਹਰਮੁੱਖਤਾ ਤੋਂ ਅੰਤਰਮੁੱਖਤਾ ਵੱਲ ਪ੍ਰੇਰਨਾ ਦਿੱਤੀ ਹੈ। ਅੰਤਰ-ਆਤਮੇ ਦਾ ਮਿਲਾਪ ਕਦੀਂ ਵਿਛੋੜੇ ਦਾ ਕਾਰਨ ਨਹੀਂ ਬਣਦਾ :

**ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ ॥**
**ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥੩॥**
**(ਮ. ੨, ਅੰਗ : ੭੯੧)**

ਗੁਰੂ ਸਾਹਿਬ ਜੀ ਉਪਦੇਸ਼ ਕਰਦੇ ਹਨ ਕਿ ਉਸ ਪ੍ਰਭੂ ਦੇ ਗੁਣਾਂ ਦੀ ਵੀਚਾਰ ਕਰੋ ਜੋ ਹਮੇਸ਼ਾ ਖਿੜਿਆ ਰਹਿੰਦਾ ਹੈ ਅਥਵਾ ਉਸ ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ ਜੋ ਸਭ ਦਾ ਆਸਰਾ ਹੈ। ਸਾਰਾ ਜਗਤ ਉਸ ਦੇ ਆਸਰੇ ਮਉਲਦਾ ਹੈ। ਜਿਨ੍ਹਾਂ ਜੀਵ-ਇਸਤ੍ਰੀਆਂ ਦਾ ਪ੍ਰਭੂ-ਪਤੀ ਉਨ੍ਹਾਂ ਦੇ ਹਿਰਦੇ ਰੂਪੀ ਘਰ ਵਿਚ ਵੱਸਦਾ ਹੈ ਉਨ੍ਹਾਂ ਦੇ ਹਿਰਦੇ ਵਿਚ ਹਮੇਸ਼ਾ ਖੇੜਾ ਹੈ।

ਗੁਰਬਾਣੀ ਨੇ ਕੁਦਰਤ ਵਿਚ ਕਾਦਰ ਦਾ ਜਲਵਾ ਦੇਖਣ ਅਤੇ ਇਸ ਨੂੰ ਪਿਆਰ ਕਰਨ ਦਾ ਉਪਦੇਸ਼ ਦਿੱਤਾ ਹੈ। ਇਹ ਜਲਵਾ ਅਤੇ ਪਿਆਰ ਤਾਂ ਹੀ ਦੇਖਿਆ, ਮਾਣਿਆ ਜਾ ਸਕਦਾ ਹੈ ਜੇ ਅਸੀਂ ਉਸ ਕਾਦਰ ਨਾਲ ਇਕਮਿਕ ਹੋ ਜਾਈਏ ਤੇ ਇਕਮਿਕ ਅਸੀਂ ਉਸ ਦਾ ਨਾਮ ਸਿਮਰ ਕੇ, ਉਸ ਦੀ ਸਿਫ਼ਤਿ-ਸਾਲਾਹਿ ਕਰਕੇ ਉਸ ਸਰਬ-ਵਿਆਪਕਤਾ ਦਾ ਹਿੱਸਾ ਬਣ ਜਾਈਏ।

■■

# ਕੇਸਕੀ ਰਹਿਤ ਹੈ

ਕੇਸਕੀ- ਕੇਸ ਢੱਕਣ ਵਾਲੀ, ਕੇਸਾਂ ਉਪਰ ਬੰਨਣ ਜਾਂ ਸਜਾਉਣ ਵਾਲੀ 'ਛੋਟੀ ਦਸਤਾਰ' ਦਾ ਨਾਂ ਹੈ। ਹਰ ਇਕ ਅੰਮ੍ਰਿਤਧਾਰੀ ਸਿਘ ਜਾਂ ਸਿੰਘਣੀ ਵਾਸਤੇ 'ਕੇਸਕੀ' ਸਜਾਉਣੀ ਲਾਜ਼ਮੀ ਹੈ। ਇਹ ਲਾਜ਼ਮੀ ਹੀ ਨਹੀਂ, ਬਲਕਿ ਇਹ ਸਾਡਾ ਪੰਜਵਾਂ ਕਕਾਰ ਵੀ ਹੈ।

'ਪੰਜ ਕਕਾਰ' ਸਾਡੀ ਬਾਹਰਮੁਖੀ ਰਹਿਤ ਹੈ, ਜੋ ਅਸੀਂ ਸਰੀਰ ਤੋਂ ਬਾਹਰੋਂ ਧਾਰਨ ਕਰਨੀ ਹੈ। 'ਕੇਸਕੀ' ਕੇਸਾਂ ਉਪਰ ਸਜਾਉਂਦੇ ਹਾਂ, 'ਕੰਘਾ' ਜੂੜੇ ਵਿਚ ਟੰਗਦੇ ਹਾਂ, 'ਕੜਾ' ਹੱਥ ਵਿਚ ਪਾਉਂਦੇ ਹਾਂ, 'ਕਿਰਪਾਨ' ਗਾਤਰੇ ਵਿਚ ਅਤੇ 'ਕਛਹਿਰਾ' ਵੀ ਬਾਹਰੋਂ ਹੀ ਪਾਉਂਦੇ ਹਾਂ ਪਰ 'ਕੇਸ' ਸਾਡੇ ਸਰੀਰ ਦਾ ਅੰਗ ਹਨ। ਹੱਥ, ਪੈਰ, ਅੱਖਾਂ ਅਤੇ ਨੱਕ ਆਦਿ ਜਿਵੇਂ ਸਾਡੇ ਸਰੀਰ ਦਾ ਅੰਗ ਹਨ, ਉਸੇ ਤਰ੍ਹਾਂ। ਕੇਸ ਗੁਰੂ ਦੀ ਮੋਹਰ ਹਨ। 'ਕੇਸਾਂ' ਤੋਂ ਬਗੈਰ ਕੋਈ ਸਿੱਖ ਹੀ ਨਹੀਂ ਅਖਵਾ ਸਕਦਾ। ਕੇਸਾਂ ਜਾਂ ਰੋਮਾਂ ਦੀ ਬੇਅਦਬੀ ਚਾਰ ਵੱਡੀਆਂ ਬੱਜਰ ਕੁਰਹਿਤਾਂ ਵਿਚੋਂ ਇਕ ਵੱਡੀ ਕੁਰਹਿਤ ਹੈ। ਕੇਸਾਂ ਦਾ ਬੱਜਰ ਕੁਰਹਿਤ ਹੋਣ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਪੁਰਾਤਨ ਸਮੇਂ ਵਿਚ ਜੇ ਕਿਸੇ ਨੂੰ ਮੌਤ ਤੋਂ ਵੱਡੀ ਸਜ਼ਾ ਦੇਣੀ ਹੁੰਦੀ ਸੀ ਤਾਂ ਉਸ ਦੇ ਕੇਸ ਕੱਟ ਦਿੱਤੇ ਜਾਂਦੇ ਸਨ ਅਤੇ ਸਮਝਿਆ ਜਾਂਦਾ ਸੀ ਕਿ ਇਹ ਹੁਣ ਆਤਮਕ ਤੌਰ 'ਤੇ ਮਰ ਚੁੱਕਾ ਹੈ।

ਗੁਰਬਾਣੀ ਵਿਚ ਗੁਰਸਿੱਖ ਦਾ ਸਰੂਪ ਵੇਖੋ ; "ਸਾਬਤ ਸੂਰਤਿ ਦਸਤਾਰ ਸਿਰਾ।" ਭਾਵ ਗੁਰਸਿਖ, ਸਾਬਤ ਸੂਰਤ ਹੋਵੇ ਅਤੇ ਸਿਰ ਉਤੇ ਦਸਤਾਰ ਸਜਾਵੇ। ਸਿੰਘ ਅਤੇ ਸਿੰਘਣੀ ਦੋਵੇਂ ਗੁਰਸਿੱਖ ਹਨ। ਮਰਦ ਵੀ ਗੁਰਸਿੱਖ ਹੈ ਤੇ ਇਸਤ੍ਰੀ ਵੀ। ਸੋ 'ਸਾਬਤ ਸੂਰਤਿ ਦਸਤਾਰ ਸਿਰਾ' ਦਾ ਗੁਰ-ਫ਼ੁਰਮਾਨ ਸਿੱਖ ਔਰਤ ਅਤੇ ਮਰਦ ਦੋਵਾਂ ਲਈ ਸਾਂਝਾ ਹੈ।

ਸਿੱਖ ਰਹਿਤਨਾਮਿਆਂ ਵਿਚ ਸਿੱਖ ਨੂੰ ਸਾਫ਼ ਸ਼ਬਦਾਂ ਵਿਚ ਹਰ ਵੇਲੇ ਸਿਰ 'ਤੇ ਦਸਤਾਰ ਸਜਾ ਕੇ ਕੇਸਾਂ ਦੀ ਪਵਿੱਤਰਤਾ ਕਾਇਮ ਰੱਖਣ ਦੀ ਹਦਾਇਤ ਹੈ, ਜੋ 'ਇਸਤ੍ਰੀ' 'ਮਰਦ' ਲਿੰਗ-ਭਾਵ ਦੇ ਵਿਤਕਰੇ ਤੋਂ ਬਿਨ੍ਹਾਂ ਦੋਵਾਂ ਲਈ ਲਾਜ਼ਮੀ ਹੈ। ਭਾਈ ਨੰਦ ਲਾਲ ਜੀ ਦੇ 'ਤਨਖਾਹਨਾਮਿਆਂ' ਵਿਚ ਸਪੱਸ਼ਟ ਦਰਜ ਹੈ :

**ਕੰਘਾ ਦੋਨਉ ਵਕਤ ਕਰ ਪਾਗ ਚੁਨਹਿ ਕਰ ਬਾਂਧਈ ॥**
**ਦਾਤਨ ਨੀਤ ਕਰੇਇ ਨ ਦੁਖ ਪਾਵਹਿ ਲਾਲ ਜੀ ॥**
**ਅਥਵਾ**
**ਨਗਨ ਹੋਇ ਬਾਹਰ ਫਿਰਹਿ ਨਗਨ ਸੀਸ ਜੋ ਖਾਇ ॥**
**ਨਗਨ ਪ੍ਰਸਾਦ ਜੋ ਬਾਂਟਈ ਤਨਖਾਹੀ ਬਡੋ ਕਹਾਇ ॥**

ਸੋ ਸਪੱਸ਼ਟ ਹੈ ਕਿ ਸਿਖ ਲਈ 'ਦਸਤਾਰ' ਜਾਂ 'ਛੋਟੀ ਕੇਸਕੀ' ਦੀ ਰਹਿਤ ਲਾਜ਼ਮੀ ਹੈ। ਫ਼ਿਰ ਇਸ ਵਿਚ ਇਸਤ੍ਰੀ ਨੂੰ ਕੋਈ ਢਿੱਲ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਕਿਉਂਕਿ ਸਿੱਖ ਧਰਮ ਵਿਚ ਇਸਤ੍ਰੀ-ਮਰਦ ਨੂੰ ਬਰਾਬਰ ਦਾ ਧਰਮ ਕਮਾਉਣ ਦਾ ਅਧਿਕਾਰੀ ਬਣਾਇਆ ਗਿਆ ਹੈ।

ਗੁਰੂ ਸਾਹਿਬ ਵਲੋਂ ਸਾਨੂੰ ਬਖ਼ਸ਼ੇ ਪੰਜ ਕਕਾਰਾਂ ਦੀ ਇਕ ਵਿਆਪਕ ਫ਼ਿਲਾਸਫ਼ੀ ਵੀ ਹੈ। ਜਿਵੇਂ ਦਸਮ ਪਾਤਸ਼ਾਹ ਨੇ ਆਨੰਦਪੁਰ ਸਾਹਿਬ ਵਿਚ (ਤਖ਼ਤ ਸ੍ਰੀ) 'ਕੇਸਗੜ੍ਹ' ਦੀ ਰੱਖਿਆ ਲਈ ਪੰਜ ਕਿਲ੍ਹਿਆਂ ਦਾ ਨਿਰਮਾਣ ਕੀਤਾ ਸੀ ਪਰ 'ਕੇਸਗੜ੍ਹ' ਨੂੰ ਕਿਲ੍ਹਾ ਨਹੀਂ ਬਣਾਇਆ। ਇਸੇ ਤਰ੍ਹਾਂ ਗੁਰੂ ਸਾਹਿਬ ਨੇ ਸਾਡੇ ਸਰੀਰ ਦੇ 'ਕੇਸਗੜ੍ਹ' (ਪਰਮਾਤਮਾ ਨਾਲ ਮਨੁੱਖੀ ਆਤਮਾ ਦਾ ਸੰਚਾਰ ਕਰਵਾਉਣ ਦੇ ਐਨਟੀਨੇ ਦੇ ਪ੍ਰਤੀਕ ਕੇਸਾਂ) ਦੀ ਰੱਖਿਆ ਲਈ 'ਪੰਜ ਕਕਾਰ' ਧਾਰਨ ਕਰਵਾਏ। ਸੋ, ਦਸਮ ਪਾਤਸ਼ਾਹ ਜੀ ਦੀ ਫ਼ਿਲਾਸਫ਼ੀ ਅਨੁਸਾਰ 'ਕੇਸਾਂ' ਨੂੰ ਕਕਾਰ ਨਹੀਂ ਮੰਨਿਆ ਜਾ ਸਕਦਾ, ਪਰ ਇਹ ਗੁਰੂ ਦੀ ਮੋਹਰ ਹਨ। 'ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ' ਅਤੇ ਸੁਰੱਖਿਅਤ ਰੱਖਣ ਲਈ ਪੰਜ ਕਕਾਰ ਰੂਪੀ 'ਕਿਲ੍ਹੇ' ਗੁਰੂ ਸਾਹਿਬ ਨੇ ਬਖ਼ਸ਼ੇ ਜਿਨ੍ਹਾਂ ਵਿਚੋਂ 'ਕੇਸਕੀ' ਕੇਸਾਂ ਦੀ ਸੰਭਾਲ ਅਤੇ ਪਵਿੱਤਰਤਾ ਬਹਾਲ ਰੱਖਣ ਲਈ ਹੈ।

■■

# ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ

■ ਸੂਬੇਦਾਰ ਧਰਮ ਸਿੰਘ ਸੁਜੋਂ



ਰਾਤ ਸਮੇਂ ਅਸੀਂ ਕਿਤਨੇ ਭੀ ਤਾਰੇ ਅਸਮਾਨ ਵਿਖੇ ਵੇਖਦੇ ਹਾਂ, ਇਹ ਸਾਰੇ ਹੀ ਜਾਂ ਤਾਂ ਸੂਰਜ ਦੇ ਸਮਾਨ ਹਨ ਜਾਂ ਆਕਾਰ ਵਿਚ ਇਸ ਤੋਂ ਭੀ ਬਹੁਤ ਵੱਡੇ ਹਨ। ਇਹ ਸਾਥੋਂ ਬਹੁਤ ਜ਼ਿਆਦਾ ਦੂਰ ਸਥਿਤ ਹੋਣ ਕਰਕੇ ਬਹੁਤ ਛੋਟੇ ਨਜ਼ਰ ਆਉਂਦੇ ਹਨ। ਸਭ ਤੋਂ ਨਜ਼ਦੀਕੀ Proxima Centauri ਨਾਮੇ ਤਾਰਾ ਸਾਥੋਂ 560 ਖ਼ਰਬ ਮੀਲ ਦੀ ਵਿੱਥ 'ਤੇ ਹੈ ਜਦੋਂਕਿ ਸੂਰਜ ਸਾਥੋਂ ਸਿਰਫ਼ ਨੌਂ ਕਰੋੜ ਤੀਹ ਲੱਖ ਮੀਲ ਦੇ ਫ਼ਾਸਲੇ 'ਤੇ ਹੀ ਹੈ। ਸਾਡੀ ਮਿਲਕੀ-ਵੇਅ ਨਾਮੇ ਆਕਾਸ਼-ਗੰਗਾ ਵਿਚ ਐਸੇ ਇਕ ਖ਼ਰਬ ਤਾਰੇ ਹਨ ਤੇ ਆਕਾਸ਼ ਵਿਚ ਐਸੀਆਂ ਲੱਖਾਂ ਹੀ ਆਕਾਸ਼-ਗੰਗਾਵਾਂ ਹਨ। ਸਾਰੇ ਹੀ ਤਾਰੇ ਤੇ ਆਕਾਸ਼ ਗੰਗਾਵਾਂ ਆਪਣੇ ਆਪਣੇ ਗ੍ਰਹਿ-ਪੰਧ 'ਤੇ ਬਹੁਤ ਹੀ ਤੇਜ਼ ਰਫ਼ਤਾਰੀ ਨਾਲ ਉਡੇ ਜਾ ਰਹੇ ਹਨ। ਇਨਸਾਨ ਦੇ ਬਣਾਏ ਹੋਏ ਹਵਾਈ ਜਹਾਜ਼ ਆਕਾਸ਼ ਵਿਚ ਆਪੋ ਵਿਚ ਟਕਰਾ ਕੇ ਤਬਾਹ ਹੁੰਦੇ ਤਾਂ ਦੇਖੇ ਗਏ ਹਨ ਪਰ ਕੁਦਰਤ ਦੇ ਨਿਜ਼ਾਮ (ਪ੍ਰਬੰਧ) ਵਿਚ ਖਰਬਾਂ X ਅਰਬਾਂ ਤਾਰੇ ਉਡਦੇ ਹੋਏ ਆਪਸ ਵਿਚ ਟਕਰਾ ਕੇ ਤਬਾਹ ਹੁੰਦੇ ਕਦੇ ਦੇਖੇ ਸੁਣੇ ਨਹੀਂ ਗਏ। ਕੁਦਰਤ ਦੀ ਉਹ ਕਿਹੜੀ ਤਾਕਤ ਹੈ ਜਿਸ ਕਾਰਨ ਕੋਈ ਇਕ ਭੀ ਤਾਰਾ ਆਪਣੇ ਗ੍ਰਹਿ-ਪੰਧ ਤੋਂ ਰੱਤੀ ਭਰ ਭੀ ਨਹੀਂ ਭਟਕਦਾ।

ਇਸ ਅਨੋਖੀ ਬੁਝਾਰਤ ਨੂੰ ਬੁੱਝਣ ਲਈ ਸਾਨੂੰ ਕੁਦਰਤ ਵੱਲ ਬਹੁਤ ਨੇੜੇ ਹੋ ਕੇ ਤੱਕਣਾ ਪਏਗਾ। ਅਕਾਲ ਪੁਰਖ ਤੋਂ ਕੁਦਰਤ ਦੇ ਪਸਾਰੇ ਦਾ ਜ਼ਿਕਰ ਸੰਖੇਪ ਵਿਚ ਇਸ ਪ੍ਰਕਾਰ ਹੈ ਕਿ ਨਿਰੰਕਾਰ ਇਕ ਜਿਊਂਦੀ ਜਾਗਦੀ ਅਚੱਲ ਬੇਅੰਤ ਸ਼ਕਤੀ ਹੈ। ਜਦੋਂ ਕਿਤੇ ਇਹ ਅਚੱਲ ਸ਼ਕਤੀ ਹਰਕਤ ਕਰਦੀ ਹੈ ਤਾਂ ਇਸ ਦੇ ਬਲ ਦਾ ਪ੍ਰਗਟਾਵਾ ਬਿਜਲਈ ਚੁੰਭਕੀ ਲਹਿਰਾਂ ਦੀ ਸ਼ਕਲ ਵਿਚ ਹੁੰਦਾ ਹੈ। ਇਨ੍ਹਾਂ ਲਹਿਰਾਂ ਦੀ ਥਰਥਰਾਹਟ ਦਾ ਜ਼ਹੂਰ, ਨੂਰ, ਰੌਸ਼ਨੀ ਜਾਂ ਜੋਤ ਦੀ ਸ਼ਕਲ ਵਿਚ ਹੁੰਦਾ ਹੈ। ਇਸੀ ਕਾਰਨ ਅਕਾਲ ਪੁਰਖ ਨੂੰ ਜੋਤੀ ਸਰੂਪ ਭੀ ਆਖਦੇ ਹਨ। ਕਿਉਂਕਿ ਇਹ ਜਿਊਂਦੀ ਜਾਗਦੀ ਹਸਤੀ ਨਿਰੰਕਾਰ ਦਾ ਆਪਣਾ ਜ਼ਹੂਰ ਹੈ। ਇਸੇ ਕਰਕੇ ਕਲਗੀਧਰ ਜੀ ਨੇ ਇਸ ਨੂੰ 'ਜਾਗਤਿ-ਜੋਤਿ' ਆਖਿਆ ਹੈ। ਬਿਜਲਈ ਚੁੰਭਕੀ ਲਹਿਰਾਂ ਤੋਂ ਜਿਥੇ ਜੋਤ ਦਾ ਪ੍ਰਕਾਸ਼ ਹੁੰਦਾ ਹੈ ਉਥੇ ਹੀ ਇਸ ਦੀ ਥਰਥਰਾਹਟ ਤੋਂ ਆਵਾਜ਼ ਭੀ ਪੈਦਾ ਹੁੰਦੀ ਹੈ। ਇਹ ਆਵਾਜ਼ 'ਵਾਹਿਗੁਰੂ' ਸ਼ਬਦ ਹੈ। ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਪ੍ਰਤੀ ਜੋ ਗੁਰ-ਮੰਤ੍ਰ ਬਖ਼ਸ਼ਿਸ਼ ਕੀਤਾ, ਉਹ ਇਹੋ 'ਵਾਹਿਗੁਰੂ' ਸ਼ਬਦ ਹੈ। ਇਸ ਲਈ ਬਿਜਲਈ ਚੁੰਭਕੀ ਲਹਿਰਾਂ ਦੀ ਥਰਥਰਾਹਟ ਤੋਂ ਪੈਦਾ ਹੋਈ ਆਵਾਜ਼ 'ਵਾਹਿਗੁਰੂ' ਨੂੰ ਭੀ ਨਾਮ ਜਾਂ ਸ਼ਬਦ ਆਖ ਕੇ ਹੀ ਪੁਕਾਰਿਆ ਜਾਂਦਾ ਹੈ। ਜੋਤਿ ਅਤੇ ਨਾਮ, ਅਕਾਲ ਪੁਰ ਦੀ ਸ਼ਕਤੀ ਦੇ ਪ੍ਰਗਟਾਵੇ ਦੇ ਦੋ ਵੱਖੋ-ਵੱਖ ਰੂਪ ਹਨ, ਜਦੋਂਕਿ ਇਨ੍ਹਾਂ ਦਾ ਮੂਲ, ਬਿਜਲਈ ਚੁੰਭਕੀ ਲਹਿਰਾਂ ਹਨ, ਨਾ ਕਿ ਕੋਈ ਇਕ ਲਫ਼ਜ਼ ਜਾਂ ਅੱਖਰ।

**ਨਾਮ ਕੇ ਧਾਰੇ ਖੰਡ ਬ੍ਰਹਮੰਡ ॥੫॥**

**(ਗਉੜੀ ਸੁਖਮਨੀ ਮ.੫, ਅਸ਼ਟਪਦੀ ੧੬, ਅੰਗ : ੨੮੪)**

ਸੁਖਮਨੀ ਸਾਹਿਬ ਵਿਚ ਨਾਮ ਤੋਂ ਬ੍ਰਹਮੰਡਾਂ ਦੀ ਉਤਪਤੀ ਦਾ ਜ਼ਿਕਰ ਮਿਲਦਾ ਹੈ। ਸਾਇੰਸ ਉਪਰ ਦਿੱਤੇ ਹੁਕਮਨਾਮੇ ਦੀ ਪੁਸ਼ਟੀ ਕਰਦੀ ਹੈ ਕਿ ਸ਼ਕਤੀ ਪ੍ਰਕਿਰਤੀ ਵਿਚ ਬਦਲ ਕੇ ਬ੍ਰਹਮੰਡ ਦੀ ਸ਼ਕਲ ਅਖ਼ਤਿਆਰ ਕਰਦੀ ਹੈ। ਗੁਰਬਾਣੀ ਇਸ ਸਿਧਾਂਤ ਨੂੰ ਸਪੱਸ਼ਟ ਕਰਦੀ ਹੈ ਕਿ ਇਕ 'ਸ਼ਬਦ' ਤੋਂ ਪ੍ਰਭੂ ਦੀ ਰਚੀ ਹੋਈ ਸਭ ਰਚਨਾ ਹੋਂਦ ਵਿਚ ਆਈ ਹੈ :-

**ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥**
**ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥**
**ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥੧॥**
**(ਮਾਰੂ ਮ.੫, ਅੰਗ : ੧੦੦੩)**

ਸਿਧ ਹੁੰਦਾ ਹੈ ਕਿ ਨਾਮ ਇਕ ਸ਼ਕਤੀ ਹੈ।

**ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥੧੪॥ (ਮਾਰੂ ਮ. ੧, ਅੰਗ : ੧੦੪੧)**

ਇਸ ਅਨੋਖੀ ਬੁਝਾਰਤ ਨੂੰ ਬੁੱਝਣ ਲਈ ਸਾਨੂੰ ਕੁਦਰਤ ਵੱਲ ਬਹੁਤ ਨੇੜੇ ਹੋ ਕੇ ਤੱਕਣਾ ਪਏਗਾ। ਅਕਾਲ ਪੁਰਖ ਤੋਂ ਕੁਦਰਤ ਦੇ ਪਸਾਰੇ ਦਾ ਜ਼ਿਕਰ ਸੰਖੇਪ ਵਿਚ ਇਸ ਪ੍ਰਕਾਰ ਹੈ ਕਿ ਨਿਰੰਕਾਰ ਇਕ ਜਿਊਂਦੀ ਜਾਗਦੀ ਅਚੱਲ ਬੇਅੰਤ ਸ਼ਕਤੀ ਹੈ। ਜਦੋਂ ਕਿਤੇ ਇਹ ਅਚੱਲ ਸ਼ਕਤੀ ਹਰਕਤ ਕਰਦੀ ਹੈ ਤਾਂ ਇਸ ਦੇ ਬਲ ਦਾ ਪ੍ਰਗਟਾਵਾ ਬਿਜਲਈ ਚੁੰਭਕੀ ਲਹਿਰਾਂ ਦੀ ਸ਼ਕਲ ਵਿਚ ਹੁੰਦਾ ਹੈ। ਇਨਾਂ ਲਹਿਰਾਂ ਦੀ ਥਰਥਰਾਹਟ ਦਾ ਜ਼ਹੂਰ, ਨੂਰ, ਰੌਸ਼ਨੀ ਜਾਂ ਜੋਤ ਦੀ ਸ਼ਕਲ ਵਿਚ ਹੁੰਦਾ ਹੈ।

ਹਲਕਾ ਪਦਾਰਥ, ਭਾਰੀ ਪਦਾਰਥ ਦੇ ਗਿਰਦ ਘੁੰਮਦਾ ਹੈ। ਚੰਨ ਜ਼ਮੀਨ ਦੇ, ਜ਼ਮੀਨ ਸੂਰਜ ਦੇ ਅਤੇ ਸੂਰਜ ਆਕਾਸ਼-ਗੰਗਾ ਦੇ ਧੁਰੇ ਦੇ ਗਿਰਦ ਘੁੰਮਦਾ ਹੈ। ਬ੍ਰਹਮੰਡ ਦੇ ਵਿਸਥਾਰ ਵੱਲ ਜਾਈਏ ਤਾਂ ਸੂਰਜ ਤੋਂ ਅੱਗੇ ਅਰਬਾਂ ਹੀ ਆਕਾਸ਼-ਗੰਗਾਵਾਂ ਹਨ ਅਤੇ ਇਕ ਇਕ ਆਕਾਸ਼-ਗੰਗਾ ਵਿਚ ਖਰਬਾਂ ਹੀ ਸੂਰਜ-ਮੰਡਲ ਹਨ। ਬ੍ਰਹਮੰਡ ਦੇ 'ਖੰਡ' ਭਾਵ ਪ੍ਰਮਾਣੂ ਵੱਲ ਜਾਈਏ ਤਾਂ ਇਸ ਦੀ ਖੰਡਤਾ ਭੀ ਹੈਰਾਨਗੀ ਭਰਪੂਰ ਹੈ।

ਕੁਦਰਤ ਦਾ ਇਕ ਨਿਯਮ ਹੈ ਕਿ ਹਰ ਵੱਡਾ ਪਦਾਰਥ ਛੋਟੇ ਪਦਾਰਥ ਨੂੰ ਆਪਣੇ ਵੱਲ ਖਿਚ ਰਿਹਾ ਹੈ। ਮਸ਼ਹੂਰ ਸਾਇੰਸਦਾਨ ਮਿਸਟਰ ਆਇੰਸਟਾਈਨ ਦੀ ਸੰਨ 1915 ਵਿਚ ਪੇਸ਼ ਕੀਤੀ ਜਨਰਲ ਰੈਲੇਟਿਵਟੀ ਥਿਊਰੀ (General Relativety) ਅਨੁਸਾਰ ਕਿਸੇ ਵੱਡੇ ਪਦਾਰਥ ਦੀ (Mass) ਦੀ ਖਿਚ ਦੇ ਖੇਤਰ (Gravitational Field) ਦੇ ਅੰਦਰ ਕੋਈ ਉਸ ਤੋਂ ਹਲਕਾ ਪਦਾਰਥ ਉਡ ਰਿਹਾ ਹੋਵੇ ਤੇ ਉਸ ਛੋਟੇ ਪਦਾਰਥ ਨੂੰ ਆਪਣੇ ਕੇਂਦਰ ਵੱਲ ਖਿਚ, ਉਸ ਨੂੰ ਸਿੱਧੇ ਰਸਤੇ ਜਾਂਦੇ ਹੋਏ ਨੂੰ, ਆਪਣੇ ਵੱਲ ਨੂੰ ਮੋੜ ਦਿੰਦਾ ਹੈ। ਇਸ ਸਿਧਾਂਤ ਅਨੁਸਾਰ ਹਲਕਾ ਪਦਾਰਥ ਵੱਡੇ ਪਦਾਰਥ ਦੇ ਗਿਰਦ ਚੱਕਰ ਵਿਚ ਘੁੰਮਣ ਲੱਗ ਜਾਂਦਾ ਹੈ, ਜਿਸ ਨੂੰ Orbit ਆਖਦੇ ਹਨ। ਇਸੇ ਸਿਧਾਂਤ ਅਨੁਸਾਰ ਚੰਦ, ਜ਼ਮੀਨ ਦੇ ਗਿਰਦ ਤੇ ਜ਼ਮੀਨ ਸੂਰਜ ਦੇ ਗਿਰਦ ਚੱਕਰ ਕੱਟਦੀ ਹੈ। ਇਹ ਸਾਰੇ ਨਿਯਮ ਸਾਰੇ ਹੀ ਸੰਸਾਰ ਵਿਚ ਛੋਟੇ ਐਟਮ ਤੋਂ ਲੈ ਕੇ ਵੱਡੀਆਂ ਵੱਡੀਆਂ ਆਕਾਸ਼-ਗੰਗਾਵਾਂ ਤੱਕ ਸਭ ਤੇ ਇਕ ਸਾਰ ਲਾਗੂ ਹੈ।

ਪਦਾਰਥ ਖਿਚ (Gravity) ਇਕ ਕਮਜ਼ੋਰ ਸ਼ਕਤੀ ਹੈ। ਹਲਕੇ ਪਦਾਰਥਾਂ ਵਿਚ ਇਸ ਦੇ ਅਸਰ ਦਾ ਪਤਾ ਨਹੀਂ ਲੱਗਦਾ। ਭਾਰੀ ਪਦਾਰਥਾਂ ਦੀ ਖਿਚ ਵੇਲੇ ਹੀ ਇਸ ਦੀ ਹੋਂਦ ਦਾ ਪਤਾ ਲੱਗਦਾ ਹੈ। ਗ੍ਰਹਿ ਵਿਚ ਜਿਤਨਾ ਜ਼ਿਆਦਾ ਪਦਾਰਥ (Mass) ਹੁੰਦਾ ਹੈ ਉਤਨੀ ਜ਼ਿਆਦਾ ਹੀ ਉਸ ਦੀ ਖਿਚ ਸ਼ਕਤੀ ਹੈ। ਜ਼ਮੀਨ ਚੰਦ ਤੋਂ ਛੇ ਗੁਣਾ ਭਾਰੀ ਹੈ। ਜਿਸ ਆਦਮੀ ਦਾ ਵਜ਼ਨ ਜ਼ਮੀਨ 'ਤੇ 60 ਕਿਲੋ ਹੈ, ਉਸ ਦਾ ਵਜ਼ਨ ਚੰਦ ਉਪਰ 10 ਕਿਲੋ ਹੋਵੇਗਾ। ਜੁਪੀਟਰ ਗ੍ਰਹਿ ਜ਼ਮੀਨ ਤੋਂ 264 ਗੁਣਾ ਭਾਰੀ ਹੈ, ਉਥੇ ਉਸੇ ਆਦਮੀ ਦਾ ਵਜ਼ਨ 15 ਹਜ਼ਾਰ 840 ਕਿਲੋ ਜਾਂ ਲਗਭਗ ਸੋਲਾਂ ਟਨ ਹੋਵੇਗਾ। ਸੂਰਜ ਉਪਰ 18 ਹਜ਼ਾਰ ਟਨ ਤੇ ਸੁਪਰ ਜਾਇੰਟ ਸਟਾਰ, ਜੋ ਸੂਰਜ ਤੋਂ ਢਾਈ ਕਰੋੜ ਗੁਣਾ ਜ਼ਿਆਦਾ ਭਾਰੀ ਹੁੰਦੇ ਹਨ, ਉਥੇ ਸਾਡਾ ਵਜ਼ਨ ਸਾਢੇ ਚਾਰ ਖਰਬ ਟਨ ਹੋਵੇਗਾ।

ਕੁਦਰਤ ਦੀ ਰਚਨਾ ਕਿਤਨੀ ਅਦਭੁਤ ਹੈ, ਜਿਸ ਨੇ ਸਾਡਾ 60 ਕਿਲੋ ਵਜ਼ਨ ਸੁਪਰ ਜਾਇੰਟ ਸਟਾਰ 'ਤੇ ਸਾਢੇ ਚਾਰ ਖਰਬ ਟਨ ਬਣਾ ਕੇ ਰੱਖ ਦਿੱਤਾ। ਇਸ ਕਰਾਮਾਤ ਦਾ ਨਾਮ ਹੈ ਪਦਾਰਥਕ ਖਿਚ।

ਆਓ ਹੁਣ ਜ਼ਰਾ ਪਿੱਛੇ ਨੂੰ ਮੁੜੀਏ ਅਤੇ ਦੇਖੀਏ ਕਿ ਇਤਨੀ ਬੇ-ਓੜਕੀ ਖਿਚ-ਸ਼ਕਤੀ ਦਾ ਕੇਂਦਰ ਕਿੱਥੇ ਹੈ? ਇਸੇ ਲੇਖ ਵਿਚ ਅਸੀਂ ਉਪਰ ਪੜ੍ਹ ਆਏ ਹਾਂ ਕਿ ਅਕਾਲ ਪੁਰਖ ਨੇ 'ਨਾਮ-ਸ਼ਕਤੀ' ਤੋਂ ਸੰਸਾਰ ਦੀ ਰਚਨਾ ਕੀਤੀ। ਸੰਸਾਰ ਦੀ ਰਚਨਾ ਦੇ ਸੰਗ ਸਾਥ ਹੀ ਇਸ ਵਿਚ ਕੰਮ ਕਰਦੀਆਂ ਚਾਰ ਬੁਨਿਆਦੀ ਤਾਕਤਾਂ ਦੀ ਰਚਨਾ ਭੀ ਇਹੀ 'ਨਾਮ-ਸ਼ਕਤੀ' ਤੋਂ ਹੋਈ। ਇਹ ਬੁਨਿਆਦੀ ਤਾਕਤਾਂ ਇਸ ਪ੍ਰਕਾਰ ਹਨ :

ਇਲੈਕਟ੍ਰੋ ਮੈਗਨੈਟਿਕ ਸ਼ਕਤੀ (Electro-megnetic Force)
ਨੁਕਲੀਆਈ ਮਜ਼ਬੂਤ ਸ਼ਕਤੀ (Nucleur Strong Force)
ਨੁਕਲੀਆਈ ਕਮਜ਼ੋਰ ਸ਼ਕਤੀ (Nucleur Week Force)
ਪਦਾਰਥਕ ਸ਼ਕਤੀ (Gravitation Force)

ਅੱਗੋਂ ਸੰਸਾਰ ਦੀਆਂ ਸਾਰੀਆਂ ਹੀ ਤਾਕਤਾਂ ਇਨ੍ਹਾਂ ਚਹੁੰ ਬੁਨਿਆਦੀ ਤਾਕਤਾਂ ਤੋਂ ਜਾਂ ਇਨ੍ਹਾਂ ਦੇ ਸੁਮੇਲ ਤੋਂ ਪੈਦਾ ਹੁੰਦੀਆਂ ਹਨ।

ਆਪ ਜੀ ਨੇ ਉਪਰ ਜਨਰਲ ਰੈਲੇਟਿਵਟੀ ਦੇ ਸਿਧਾਂਤ ਵਿਚ ਪੜ੍ਹਿਆ ਹੈ ਕਿ ਹਰ ਇਕ ਹਲਕਾ ਪਦਾਰਥ ਕਿਸੇ ਭਾਰੀ ਪਦਾਰਥ ਦੇ ਗਿਰਦ ਘੁੰਮਦਾ ਹੈ। ਇਹ ਕਿਰਿਆ, ਪਦਾਰਥਕ ਖਿਚ ਸ਼ਕਤੀ (Gravitation Force) ਦੇ ਕਾਰਨ ਹੁੰਦੀ ਹੈ। ਇਹ ਖਿਚ ਸ਼ਕਤੀ ਸ਼ਬਦ ਜਾਂ ਨਾਮ ਦੀ ਸ਼ਕਤੀ ਤੋਂ ਉਤਪੰਨ ਹੁੰਦੀ ਹੈ। ਇਸ ਲਈ ਸੰਸਾਰ ਅੰਦਰ, ਹਰ ਇਕ ਗ੍ਰਹਿ ਨੂੰ ਆਪਣੇ ਆਪਣੇ ਸਥਾਨ 'ਤੇ ਜਾਂ ਗ੍ਰਹਿ ਪੰਧ 'ਤੇ ਕਾਇਮ ਰੱਖਣਾ ਇਸੇ ਸ਼ਬਦ ਜਾਂ ਨਾਮ-ਸ਼ਕਤੀ ਦਾ ਹੀ ਕੰਮ ਹੈ।

ਸ਼ਬਦ ਜਾਂ ਨਾਮ ਸ਼ਕਤੀ ਦੇ ਬ੍ਰਹਿਮੰਡ ਨੂੰ ਥੰਮ ਖਲੋ ਰੱਖਣ ਦਾ ਜ਼ਿਕਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ 'ਅਨਹਦ-ਸ਼ਬਦ ਦਸਮ-ਦੁਆਰ' ਵਿਚ ਇਨ੍ਹਾਂ ਸ਼ਬਦਾਂ ਨਾਲ ਕੀਤਾ ਹੈ:

**"ਇਹ ਗੱਲ ਇਨ ਬਿਨ ਸੋਲ੍ਹਾਂ ਆਨੇ ਸਹੀ ਹੈ ਕਿ ਸਾਰਾ ਬ੍ਰਹਿਮੰਡ ਹੀ ਇਸ ਸ਼ਬਦ ਦਾ ਥੰਮਿਆ ਹੋਇਆ ਬਿਸਮਾਦ ਅਡੋਲਤਾ ਵਿਚ, ਅਹਿਲ ਖਲੋਤਾ ਹੈ।" (ਅਨਹਦ ਸ਼ਬਦ ਦਸਮ-ਦੁਆਰ, ਪੰਨਾ : ੧੦)**

ਇਹ ਸ਼ਬਦ ਓਹ ਹੀ ਹੈ, ਜਿਸ ਨੇ ਸਾਰੇ ਖੰਡਾਂ ਬ੍ਰਹਿਮੰਡਾਂ ਨੂੰ ਥੰਮਿਆ ਹੋਇਆ ਹੈ ਇਹ ਹੈ ਤੁਛ ਮਾਤਰ ਵਿਆਖਿਆ ਇਸ ਗੁਰ-ਫ਼ੁਰਮਾਨ ਦੀ ਕਿ :

**ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥**
**ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ॥**
**(ਆਸਾ ਮ. ੩, ਅੰਗ: ੪੪੦-੪੧)**

# ਗੁਰੂ ਦਰ ਦਾ ਕਰਾਮਾਤੀ ਚਮਤਕਾਰ

ਮੈਂ ਬੜੇ ਚਿਰ ਤੋਂ ਬਿਮਾਰ ਚਲੀ ਆ ਰਹੀ ਸੀ। ਮੇਰੇ ਮਾਪੇ ਬੜੇ ਪ੍ਰੇਸ਼ਾਨ ਸਨ ਅਤੇ ਉਨਾਂ ਨੇ ਮੇਰੇ ਇਲਾਜ ਲਈ ਕੋਈ ਥਾਂ ਨਹੀਂ ਛੱਡੀ ਜਿਥੇ ਮੈਨੂੰ ਨਾ ਦਿਖਾਇਆ ਹੋਵੇ। ਦਿੱਲੀ ਵਿਖੇ 1989 ਦੇ ਦੁਸਹਿਰੇ ਸਮੇਂ ਅਖੰਡ ਕੀਰਤਨ ਸਮਾਗਮਾਂ ਸਮੇਂ ਮੈਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ। ਇਸ ਅੰਮ੍ਰਿਤ-ਕਲਾ ਨੇ ਮੈਨੂੰ ਅਲੌਕਿਕ ਸ਼ਕਤੀ ਬਖ਼ਸ਼ੀ। ਮੇਰੇ ਅੰਦਰ ਅੰਮ੍ਰਿਤ-ਕਲਾ ਕਾਰਨ ਇਕ ਨਿੱਸ਼ਚਾ ਬੱਝ ਗਿਆ, ਜਿਸ ਸਦਕਾ ਮੈਂ ਗੁਰਦੁਆਰਾ ਬੰਗਲਾ ਸਾਹਿਬ ਜਾ ਕੇ ਅਰਦਾਸ ਕੀਤੀ। ਸੰਗਤਾਂ ਨੂੰ ਸੇਵਾ ਕਰਦਿਆਂ ਦੇਖਿਆ ਤਾਂ ਮਨ ਵਿਚ ਸੇਵਾ ਵਿਚ ਜੁਟਣ ਦਾ ਉਛਾਲਾ ਆਇਆ। ਮਾਤਾ-ਪਿਤਾ ਦੇ ਨਾਲ ਮੈਂ ਕਾਫ਼ੀ ਦਿਨ ਨਿਤਾਪ੍ਰਤ ਆ ਕੇ ਚੁਬੱਚੇ ਦਾ ਜਲ ਵਰਤਾਉਂਦੀ ਅਤੇ ਜੋ ਜਲ ਹੇਠਾਂ ਡਿੱਗ ਜਾਂਦਾ, ਉਸ ਨੂੰ ਦੁਪੱਟੇ ਨਾਲ ਪੂੰਝ ਕੇ ਪੀ ਲੈਂਦੀ ਸੀ। ਜਿਉਂ ਜਿਉਂ ਮੈਂ ਇਸ ਸੇਵਾ ਵਿਚ ਜੁਟ ਕੇ ਆਪਾ-ਭਾਵ ਨਿਵਾਰਦੀ ਅਤੇ ਸੰਗਤਾਂ ਦੀ ਧੂੜ ਬਣਦੀ ਗਈ, ਤਿਉਂ ਤਿਉਂ ਮੇਰੀ ਬਿਮਾਰੀ ਨੱਸਦੀ ਗਈ। ਹੁਣ ਗੁਰੂ ਕ੍ਰਿਪਾਲ ਦੇ ਨਾਲ ਮੈਨੂੰ ਕੋਈ ਤਕਲੀਫ਼ ਨਹੀਂ ਹੈ। ਇਹ ਹੈ ਅੰਮ੍ਰਿਤ ਦੀ ਸ਼ਕਤੀ ਅਤੇ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰ ਅਸਥਾਨ ਬੰਗਲਾ ਸਾਹਿਬ ਦੀ ਵਡਿਆਈ। **(ਬੀਬੀ ਕੁਲਬੀਰ ਕੌਰ, ਨਵੀਂ ਦਿੱਲੀ ਦੀ ਵਾਰਤਾ, ਮਈ, 1991 ਦੇ ਸੂਰਾ ਰਸਾਲੇ 'ਚੋਂ)**

# ਤੀਰਥ ਉਦਮੁ ਸਤਿਗੁਰੂ ਕੀਆ


ਗੁਰਪੁਰਵਾਸੀ ਭਾਈ
ਜੋਗਿੰਦਰ ਸਿੰਘ ਤਲਵਾੜਾ

ਆਮ ਪੁਰਾਣਾ ਵਿਸ਼ਵਾਸ ਚਲਿਆ ਆਉਂਦਾ ਹੈ ਕਿ ਤੀਰਥਾਂ ਦੇ ਇਸ਼ਨਾਨ ਕਰਨ ਨਾਲ ਬੜਾ ਪੁੰਨ ਹੁੰਦਾ ਹੈ। ਇਸ ਨਾਲ ਮਨ ਦੀ ਨਿਰਮਲਤਾ ਹੋ ਜਾਂਦੀ ਹੈ। ਗੁਰਮਤਿ ਦੀ ਵਿਚਾਰਧਾਰਾ ਇਹ ਹੈ ਕਿ ਮਨ ਦੀ ਨਿਰਮਲਤਾ ਕੇਵਲ ਨਾਮ ਜਪਣ ਨਾਲ ਹੁੰਦੀ ਹੈ ਤੇ ਨਾਮ ਹੀ ਸਭ ਤੋਂ ਸਿਰਮੌਰ ਤੀਰਥ ਹੈ। ਜਾਂ ਫ਼ਿਰ ਨਾਮ ਜਪਣ ਵਾਲੇ ਗੁਰਮੁਖ ਮਨੁੱਖ, ਚੱਲਦੇ ਫ਼ਿਰਦੇ ਤੀਰਥ ਹਨ, ਜਿਨ੍ਹਾਂ ਦੇ ਚਰਨਾਂ ਦੀ ਛੁਹ ਪ੍ਰਾਪਤ ਕਰਨ ਨਾਲ ਆਮ ਅਸਥਾਨ ਵੀ ਤੀਰਥ ਬਣ ਜਾਂਦੇ ਹਨ।

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ (ਧਨਾਸਰੀ ਮ.੧, ਅੰਗ : ੬੮੭)

ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ
ਜਨ ਕੇ ਚਰਨ ਤੀਰਥ ਕੋਟਿ ਗੰਗਾ ॥੨ ॥੪ ॥੧੨੦ ॥
(ਬਿਲਾਵਲੁ ਮ. ੫, ਅੰਗ : ੮੨੮)

ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਤੀਰਥਾਂ 'ਤੇ ਜਾਣ ਦਾ ਪ੍ਰੋਗਰਾਮ ਬਣਾਇਆ, ਪਰ ਇਸ ਫ਼ੇਰੀ ਦਾ ਮੰਤਵ ਤੀਰਥਾਂ ਦੀ ਯਾਤਰਾ ਕਰਨੀ ਨਹੀਂ ਸੀ, ਸਗੋਂ ਤੀਰਥਾਂ 'ਤੇ ਇਕੱਤਰ ਹੋਏ ਲੋਕਾਂ ਨੂੰ ਗੁਰਮਤਿ-ਸੰਦੇਸ਼ ਦੇਣਾ ਸੀ। ਇਸ ਲਿਹਾਜ਼ ਨਾਲ ਗੁਰੂ ਪਾਤਿਸ਼ਾਹ ਜੀ ਦੀ ਇਹ 'ਪ੍ਰਚਾਰ ਫ਼ੇਰੀ' ਹੀ ਸੀ। ਇਸ ਪ੍ਰਚਾਰ ਫ਼ੇਰੀ ਦਾ ਵਰਨਣ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਰਾਗ ਤੁਖਾਰੀ ਦੇ ਛੰਤਾਂ ਵਿਚ ਕੀਤਾ ਹੈ। ਇਸ ਪ੍ਰਚਾਰ ਫ਼ੇਰੀ ਵਿਚ ਗੁਰੂ ਜੀ ਨਾਲ ਗੁਰਸਿੱਖਾਂ ਦੀ ਵਹੀਰ ਵੀ ਸੀ। ਨਿਤਾਪ੍ਰਤੀ ਸਤਿਸੰਗ ਹੁੰਦਾ, ਜਿਸ ਦੀ ਬਰਕਤ ਨਾਲ ਗੁਰੂ ਕੀ ਪਰਤੱਖ ਕਲਾ ਦੇ ਕ੍ਰਿਸ਼ਮੇ ਜ਼ਹੂਰ-ਪਜ਼ੀਰ ਹੋਏ। ਲੋਕਾਂ ਨੂੰ ਗਿਆਨ-ਚਾਨਣਾ ਮਿਲਿਆ, ਜਿਸ ਦੁਆਰਾ ਉਨ੍ਹਾਂ ਦਾ ਜੀਵਨ ਸਫ਼ਲ ਹੋਇਆ। ਧਰਮਾਂ ਦੇ ਅਚਾਰੀ, ਜੋਗੀ, ਸੰਨਿਆਸੀ, ਦਿਗੰਬਰ, ਮੁਨੀ ਲੋਕ ਗੋਸ਼ਟਿ ਕਰਨ ਲਈ ਆਏ। ਸਾਰਿਆਂ ਦੀ ਤਸੱਲੀ ਹੋਈ ਕਿ ਭਵ-ਸਾਗਰ ਤੋਂ ਪਾਰ-ਉਤਾਰੇ ਲਈ ਸਤਿਗੁਰੂ ਜੀ ਦਾ ਦਰਸਾਇਆ ਮਾਰਗ ਹੀ ਗਾਡੀ-ਰਾਹ ਹੈ। ਸਾਰੇ ਗੁਰਦੀਖਿਅਤ ਹੋ ਕੇ "ਗੁਰੂ-ਗੁਰੂ" ਜਪਣ ਵਿਚ ਜੁਟ ਪਏ। ਗੁਰੂ-ਜਸ ਕਰਨ ਦੀ ਬਰਕਤ ਨਾਲ ਲੋਕੀਂ ਇਸ ਲੋਕ ਦੇ ਮਸੂਲੀਆਂ ਤੋਂ ਵੀ ਬਚ ਗਏ ਤੇ ਪ੍ਰਲੋਕ ਵਿਚ ਜਮ-ਮਸੂਲੀਏ ਦੇ ਦੰਡ ਤੋਂ ਬਚਣ ਦਾ ਬਾਨ੍ਹਣੂ ਵੀ ਬੱਝ ਗਿਆ।

ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਤੀਰਥਾਂ 'ਤੇ ਜਾਣ ਦਾ ਪ੍ਰੋਗਰਾਮ ਬਣਾਇਆ, ਪਰ ਇਸ ਫ਼ੇਰੀ ਦਾ ਮੰਤਵ ਤੀਰਥਾਂ ਦੀ ਯਾਤਰਾ ਕਰਨੀ ਨਹੀਂ ਸੀ, ਸਗੋਂ ਤੀਰਥਾਂ 'ਤੇ ਇਕੱਤਰ ਹੋਏ ਲੋਕਾਂ ਨੂੰ ਗੁਰਮਤਿ-ਸੰਦੇਸ਼ ਦੇਣਾ ਸੀ। ਇਸ ਲਿਹਾਜ਼ ਨਾਲ ਗੁਰੂ ਪਾਤਿਸ਼ਾਹ ਜੀ ਦੀ ਇਹ 'ਪ੍ਰਚਾਰ ਫ਼ੇਰੀ' ਹੀ ਸੀ। ਇਸ ਪ੍ਰਚਾਰ ਫ਼ੇਰੀ ਦਾ ਵਰਨਣ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਰਾਗ ਤੁਖਾਰੀ ਦੇ ਛੰਤਾਂ ਵਿਚ ਕੀਤਾ ਹੈ।

ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ॥ (ਤੁਖਾਰੀ ਮ. ੪, ਪੰਨਾ : ੧੧੧੬)

ਗੁਰਮਤਿ ਦ੍ਰਿੜ ਕਰਵਾਉਣ ਦਾ ਤੇ ਤੀਰਥਾਂ 'ਤੇ ਜਾਣ ਦੇ ਪ੍ਰਯੋਜਨ ਦਾ ਇਹ ਸਾਰਾ ਪ੍ਰਸੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੇਠ ਲਿਖੇ ਅਨੁਸਾਰ ਉਜਾਗਰ ਹੈ :

ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ ॥ ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥ ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ॥ ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ ॥ ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥੧ ॥ ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥ ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ ॥ ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ ॥ ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ ॥ ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥ ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥੨ ॥ ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥ ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ ॥ ਦੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ ॥ ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ ॥ ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ ॥ ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥੩ ॥ ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥ ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ ॥ ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ ॥ ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥ ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ॥ ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥੪ ॥ ਤ੍ਰਿਤੀਆ ਆਏ ਸੁਰਸਤੀ ਤਹ ਕਉਤਕੁ ਚਲਤੁ ਭਇਆ ॥ ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ ॥ ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ ॥ ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ ਸਭ ਭਾਗਿ ਸਤਿਗੁਰ ਪਿਛੈ ਪਈ ॥ ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ ਬੋਲਕਾ ਸਭਿ ਉਠਿ ਗਇਆ ॥ ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥੫ ॥ ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ ॥ ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ ॥ ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ ॥ ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ ਥੇਹੁ ਗਵਾਇਆ ॥ ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥ ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ ॥੬ ॥੪ ॥੧੦ ॥

(ਤੁਖਾਰੀ ਮ. ੪, ਪੰਨਾ : ੧੧੧੬-੧੭)

■■

# ਗੁਰੂ, ਅਕਾਲ ਪੁਰਖ ਦਾ ਭੇਦ ਤੇ ਅਭੇਦਤਾ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਗੁਰਬਾਣੀ ਦੇ ਤੱਤ-ਭਾਵ-ਆਸ਼ੇ ਦੀ ਵਾਸਤਵੀ ਬਿਵਸਥਾ ਨੂੰ ਨਾ ਵੀਚਾਰਨ ਦਾ ਡੂੰਘਾ ਖੋਜ ਬੋਧ ਨਾ ਹੋਣ ਕਰਕੇ ਕਈ ਸੱਜਣਾਂ ਨੂੰ ਗੁਰਮਤਿ ਦੇ ਤੱਤ ਅਸੂਲਾਂ ਅੰਦਰ ਹੀ ਵਿਰੋਧ ਭਾਸਣ ਲੱਗ ਪੈਂਦਾ ਹੈ। ਵਾਸਤਵ ਵਿਚ ਇਹ ਵਿਰੋਧ ਉਨ੍ਹਾਂ ਦੀ ਨਿੱਜ ਵਿਚਾਰ ਬੋਧ ਅੰਦਰ ਹੀ ਹੁੰਦਾ ਹੈ। ਗੁਰਮਤਿ ਦੇ ਅਸੂਲਾਂ ਅੰਦਰ ਰਾਈ ਮਾਤਰ ਭੀ ਵਿਰੋਧ ਨਹੀਂ। ਅਨੇਕ ਵਾਰ ਇਹ ਸ਼ੰਕਾ (ਪ੍ਰਸ਼ਨ) ਅਸਾਡੇ ਸ੍ਰਵਣੀਂ ਪਿਆ ਹੈ ਕਿ ਗੁਰਬਾਣੀ ਅੰਦਰ ਅਨੇਕਾਂ ਵਾਕ ਐਸੇ ਆਉਂਦੇ ਹਨ ਜਿਨ੍ਹਾਂ ਤੋਂ 'ਗੁਰੂ' ਅਤੇ 'ਅਕਾਲ ਪੁਰਖ' ਦੀ ਏਕਤਾ ਤੇ ਅਭੇਦਤਾ ਤਾਂ ਸਿੱਧ ਹੁੰਦੀ ਹੈ, ਅਰਥਾਤ ਗੁਰੂ ਨੂੰ ਗੋਬਿੰਦ (ਅਕਾਲ ਪੁਰਖ) ਰੂਪ ਕਰਕੇ ਵਰਣਿਆ ਗਿਆ ਹੈ, ਪਰੰਤੂ ਸ੍ਰੀ ਦਸਮੇਸ਼ ਗੁਰੂ ਸਾਹਿਬ ਆਪਣੇ ਆਪ ਨੂੰ ਪਰਮੇਸ਼ਰ ਰੂਪ ਮੰਨਣੋਂ ਮਨਾਹੀ ਕਰਦੇ ਹਨ ਅਤੇ ਗੁਰਸਿੱਖਾਂ ਨੂੰ ਐਸਾ ਮੰਨਣੋਂ ਵਰਜਦੇ ਹੋਏ ਇਸ ਪ੍ਰਕਾਰ ਦੀ ਸਖ਼ਤ ਤਾੜਨਾ ਕਰਦੇ ਹਨ :-

> ਜੋ ਹਮ ਕੋ ਪਰਮੇਸਰ ਉਚਰਿ ਹੈਂ॥ ਤੇ ਸਭ ਨਰਕਿ ਕੁੰਡ ਮਹਿ ਪਰਿਹੈਂ ॥੩੨॥
> (ਬਚਿਤ੍ਰ ਨਾਟਕ, ਅਧਿਆਇ ੬)

ਤੇ ਸਪੱਸ਼ਟ ਤੌਰ ਨਿਜ ਤਾਈਂ ਗੁਰੂ ਦਸਮੇਸ਼ ਜੀ ਪਰਮ ਪੁਰਖ ਪਰਮੇਸ਼ਰ ਦਾ ਦਾਸ ਜਣਾਉਂਦੇ ਹਨ, ਯਥਾ -

> ਮੋ ਕੌ ਦਾਸ ਤਵਨ ਕਾ ਜਾਨੋ ॥ ਯਾ ਮੈ ਭੇਦ ਨ ਰੰਚ ਪਛਾਨੋ ॥੩੨॥
> ਮੈ ਹੋ ਪਰਮ ਪੁਰਖ ਕੋ ਦਾਸਾ ॥ ਦੇਖਨਿ ਆਯੋ ਜਗਤ ਤਮਾਸਾ ॥...੩੩
> (ਬਚਿਤ੍ਰ ਨਾਟਕ, ਅਧਿਆਇ ੬)

ਤਾਂਤੇ ਇਸ ਪਿਛਲੇ ਸ੍ਰੀ ਗੁਰੂ ਦਸਮੇਸ਼ ਮੁਖਵਾਕ ਦੇ ਕਥਨ ਅਨੁਸਾਰ ਪਹਿਲੇ ਗੁਰਮਤਿ ਸਿਧਾਂਤ ਦਾ ਖੰਡਨ ਹੋ ਗਿਆ ਅਤੇ ਗੁਰੂ ਦੇ ਅਕਾਲ ਪੁਰਖ ਸਰੂਪ ਹੋਣ ਪ੍ਰਥਾਇ ਗੁਰਵਾਕਾਂ ਅੰਦਰਿ ਵਿਰੋਧ ਹੋ ਗਿਆ।

ਸੋ ਇਸ ਗੱਲ ਨੂੰ ਨਿਖੇੜ ਕੇ ਨਿਰਣਯ ਕਰਦੇ ਹਾਂ ਕਿ ਗੁਰਵਾਕਾਂ ਅੰਦਰਿ ਰੰਚਕ ਭੀ ਵਿਰੋਧ ਨਹੀਂ; ਵਿਰੋਧ ਹੈ ਤਾਂ ਗੁਰ-ਭਾਵ-ਵਿਚਾਰਕ ਅਸਾਡੀ ਬੁੱਧੀ ਅੰਦਰਿ ਹੈ। ਜਾਗਤ ਜੋਤਿ ਦਾ ਨੂਰ ਪਰਜੁਅਲਤੀ ਬੁੱਕਾ ਹੋਣ ਕਰਿ ਗੁਰੂ ਅਕਾਲ ਪੁਰਖ ਨਾਲ ਐਨ ਅਭੇਦ ਹੈ। ਅਕਾਲ ਪੁਰਖ ਦੇ ਜੋਤਿ-ਜਗਮਗੀ-ਸਰਬ-ਵਿਆਪਕ ਅਤੇ ਲਾ-ਮਹਿਦੂਦ-ਸਰੂਪ ਰੂਪੀ ਜੋਤਿ ਸਰਸ਼ਾਰ ਸਮੁੰਦਰ ਵਿਚੋਂ ਜੋਤਿ-ਪਰਜੁਅਲਤੀ-ਸੋਮਾ ਗੁਰੂ ਦੇ ਜਾਮੇ ਵਿਚ ਉਦੇ ਹੋਇ ਕੇ ਭਵ-ਭੂਮੀ ਵਿਖੇ ਪ੍ਰਗਟ ਹੋਇਆ ਅਤੇ ਗੁਰੂ-ਜੋਤਿ-ਜਾਮੇ ਅੰਦਰ ਪ੍ਰਗਟ ਹੋਇ ਕੇ ਭੀ ਲਾ-ਮੁਹੀਤ ਜੋਤਿ ਸਮੁੰਦਰ ਨਾਲ ਅਭੇਦ ਹੀ ਰਿਹਾ। ਅਥਾਹ ਜੋਤਿ-ਸਮੁੰਦਰ-ਸੋਮੇ ਤੇ ਨਿਕਸੀ ਜੋਤਿ-ਹੰਸਲੀ ਗੁਰ-ਜੋਤਿ ਜਾਮੇ ਰੂਪੀ ਤਾਲ-ਸਰੋਵਰ ਵਿਚ ਪੈ ਕੇ ਭੀ ਆਪਣੇ ਮੰਬਏ ਨਾਲ ਮਿਲੀ ਹੋਈ ਹੈ। ਮਾਨੋ ਗੁਰੂ ਜਾਮੇ ਰੂਪੀ ਮੁਹੀਤ ਜੋਤਿ, ਤਾਲ-ਸਰੋਵਰ ਅੰਦਰ ਲਾ-ਮੁਹੀਤ ਜੋਤਿ-ਸਮੁੰਦਰ, ਸੋਮੇ ਤੇ ਨਿਕਸੀ ਜੋਤਿ-ਹੰਸਲੀ ਦੁਆਰਾ ਠਾਠਾਂ ਮਾਰ ਕੇ ਆ ਵੜਿਆ ਤਾਂ ਦਸੋ ਭਿੰਨ-ਭੇਦ ਕੀ ਰਿਹਾ। ਇਸ ਬਿਧਿ ਤਾਂ ਗੁਰੂ ਅਕਾਲ ਪੁਰਖ ਨਾਲ ਪੂਰਨ ਅਭੇਦ ਹੈ ਅਤੇ ਅਕਾਲ ਪੁਰਖ ਦਾ ਸਰੂਪ ਹੀ ਹੈ।

ਅਸਾਡੇ ਸਤਿਗੁਰੂ ਸਾਹਿਬਾਨ ਨੇ ਗੁਰਸਿਖਾਂ ਨੂੰ ਸੱਚਾ ਗਿਆਨ ਪ੍ਰਦਾਨ ਕੀਤਾ ਕਿ ਜੋਤੀ ਸਰੂਪ ਸਰਬ ਸ਼ਕਤੀਮਾਨ ਸਰਬ-ਵਿਆਪਕ ਅਕਾਲ ਪੁਰਖ ਦੀ ਜੋਤਿ ਗੁਰੂ-ਜਾਮੇ ਅੰਦਰ ਆਪਣੀ ਪੂਰਨ ਜਲਵ-ਜੋਤੀਸ਼-ਕਲਾ ਅੰਦਰ ਜਲਵਾਗਰ ਹੁੰਦੀ ਹੋਈ ਭੀ ਸਾਰੇ ਖੰਡਾਂ ਬ੍ਰਹਿਮੰਡਾਂ ਵਿਖੇ ਬਿਰਾਜਮਾਨ ਅਤੇ ਪਰੀਪੂਰਨ ਰਹਿੰਦੀ ਹੈ।

ਨਿਰੰਕਾਰੀ ਜੋਤਿ ਕਰਕੇ ਤਾਂ ਗੁਰੂ ਅਕਾਲ ਪੁਰਖ ਨਾਲ ਪੂਰਨ ਅਭੇਦ ਅਤੇ ਇਕ ਰੂਪ ਹੈ, ਪਰੰਤੂ ਸਾਕਾਰੀ ਗੁਰੂ ਦਾ ਜਾਮਾ, ਜਿਸ ਅੰਦਰ ਕਿ ਇਹ ਜੋਤਿ, ਗੁਰੂ ਜੋਤਿ ਮਹਿਦੂਦ ਹੈ, ਨਿਰੰਕਾਰ ਅਕਾਲ ਪੁਰਖ ਤੋਂ ਭਿੰਨ ਹੈ। ਨਿਰੰਕਾਰ ਆਕਾਰ ਅੰਦਰ ਆ ਕੇ ਹੀ ਸੰਸਾਰ ਵਿਖੇ ਪ੍ਰਗਟ ਹੁੰਦੇ ਰਹੇ। ਭਰਮ-ਭੁਲੇ ਲੋਗ ਇਸ ਆਕਾਰ ਨੂੰ ਹੀ ਨਿਰੰਕਾਰ ਕਰਕੇ ਪੂਜਣ ਲੱਗ ਪਏ।

ਪਹਿਲੇ ਜੁਗਾਂ ਅੰਦਰਿ ਅਕਾਲ ਪੁਰਖ ਆਪਣੀ ਕਲਾ ਵਰਤਾਉਣ ਲਈ ਯਾ ਭਗਤ ਜਨਾਂ ਦੀਨਾਂ ਅਨਾਥਾਂ ਦੀ ਰੱਖਿਆ ਲਈ ਆਕਾਰ ਜਾਮਾ ਔਤਾਰਦੇ ਰਹੇ ਪਰ ਤਿਨ੍ਹਾਂ ਅਵਤਰੇ ਅਵਤਾਰਾਂ ਨੇ ਅਕਾਲ ਪੁਰਖ ਦਾ ਨਾਮ ਨਹੀਂ ਜਪਾਇਆ, ਜਿਸ ਦੀ ਕਿ ਜੋਤਿ-ਕਲਾ ਵਰਤਣ ਕਰਿ ਦੁਸ਼ਟਾਂ ਦਾ ਦਮਨ ਹੋਇਆ ਅਤੇ ਦੀਨ ਅਨਾਥ ਭਗਤਾਂ ਦੀ ਰੱਖਿਆ ਹੋਈ ਪਰ ਉਲਟਾ ਆਪਣਾ ਨਾਮ ਹੀ ਤਿਨ੍ਹਾਂ ਨੇ ਲੋਗਾਂ ਪਾਸੋਂ ਜਪਾਇਆ ਅਤੇ ਭਰਮ-ਭੁੱਲੇ ਲੋਕਾਂ ਨੇ ਭੀ ਤਿਨ੍ਹਾਂ ਅਵਤਾਰਾਂ ਨੂੰ ਹੀ ਅਕਾਲ ਪੁਰਖ ਕਰਕੇ ਮੰਨ ਲਿਆ ਅਤੇ ਓਹਨਾਂ ਦੇ ਭਾ ਦਾ ਇਸ ਅਵਤਾਰ-ਆਕਾਰੀ ਸਰੂਪ ਤੋਂ ਭਿੰਨ, ਅਕਾਲ ਪੁਰਖ ਦਾ ਹੋਰ ਨਿਰੰਕਾਰੀ ਰੂਪ ਹੀ ਨਾ ਕੁਛ ਰਿਹਾ।

ਏਸੇ ਇੱਲਤ ਤੋਂ ਲੋਕਾਂ ਨੂੰ ਬਚਾਉਣ ਲਈ ਸ੍ਰੀ ਦਸਮੇਸ਼ ਜੀ ਨੇ ਤਾੜਨਾ ਸਹਿਤ ਉਪਰਲੇ ਬਚਨ ਉਚਾਰੇ, ਮਤੇ ਲੋਗ ਅੱਗੇ ਵਾਂਗੂੰ ਇਸ ਸਰੀਰ ਆਕਾਰ ਨੂੰ ਹੀ ਰੱਬ ਮੰਨਣ ਦੇ ਕੁਫ਼ਰ ਵਿਚ ਪੈ ਜਾਣ। ਗੁਰੂ ਜਾਮੇ ਵਾਲੇ ਸਰੀਰ ਆਕਾਰ ਨੂੰ, ਜੋ ਕਿ ਕਾਲ ਚੱਕਰ ਅੰਦਰ ਓੜਕ ਬਿਨਾਸਮਾਨ ਹੈ, ਏਸ ਨੂੰ ਹੀ ਪਰਮੇਸ਼ਰ ਕਰਕੇ ਜਾਣ ਬੈਠਣਾ ਨਾ ਸਿਰਫ਼ ਕੁਫ਼ਰ ਹੈ ਬਲਕਿ ਨਰਕ ਕੁੰਡ ਵਿਚ ਪੈਣ ਦਾ ਕੁਦਾਉ ਕੁਢੰਗ ਹੈ।

ਸ੍ਰੀ ਦਸਮੇਸ਼ ਜੀ ਨੇ ਪਹਿਲਾਂ ਆਪਣੇ ਆਪ ਤਾਈਂ ਪਰਮੇਸ਼ਰ ਮੰਨੇ ਜਾਣ ਦੀ ਮਨੌਤੀ 'ਤੇ ਲੋਕਾਂ ਨੂੰ ਵੰਗਾਰ ਕੇ ਵਰਜਿਆ ਅਤੇ ਫੇਰ ਅਵਤਾਰਾਂ ਪ੍ਰਤੀ ਭੀ ਇਹੋ ਕੁਛ ਉਚਾਰਿਆ ਕਿ ਉਹ ਸਭ ਕਾਲ ਚੱਕਰ ਅੰਦਰ ਹਨ। ਬਿਨਾਸਮਾਨ ਸਰੀਰ ਆਕਾਰ ਨੂੰ ਅਬਿਨਾਸ਼ੀ ਪੁਰਖ ਕਰਕੇ ਮੰਨਣਾ ਮਹਾਂ ਮਨਮਤਿ ਹੈ। ਅਵਤਾਰਾਂ ਨੂੰ ਪਰਮੇਸ਼ਰ ਮੰਨਣ ਵਾਲੀ ਬੀਮਾਰੀ ਤੋਂ ਲੋਕਾਂ ਨੂੰ ਬਚਾਉਣ ਲਈ ਸ੍ਰੀ ਕਲਗੀਧਰ ਜੀ ਮਹਾਰਾਜ ਨੇ ਬੜੇ ਜ਼ੋਰ ਨਾਲ ਇਸ ਪ੍ਰਕਾਰ ਦਾ ਉਪਦੇਸ਼ ਦ੍ਰਿੜ੍ਹਾਇਆ :-

> ਜਿਤੇ ਰਾਮ ਹੂਏ ॥ ਸਭੈ ਅੰਤਿ ਮੂਏ ॥

ਜਿਤੇ ਕ੍ਰਿਸਨ ਹ੍ਵੈ ਹੈਂ ॥ ਸਭੇ ਅੰਤਿ ਜੈ ਹੈਂ ॥੭੦ ॥
ਜਿਤੇ ਦੇਵ ਹੋਸੀ ॥ ਸਭੇ ਅੰਤ ਜਾਸੀ ॥
ਜਿਤੇ ਬੋਧ ਹ੍ਵੈ ਹੈਂ ॥ ਸਭੇ ਅੰਤਿ ਛੈਹੈਂ ॥੭੧ ॥
ਜਿਤੇ ਦੇਵ ਰਾਯੰ ॥ ਸਭੇ ਅੰਤ ਜਾਯੰ ॥
ਜਿਤੇ ਦਈਤ ਏਸੰ ॥ ਤਿਤਿਓ ਕਾਲ ਲੇਸੰ ॥੭੨ ॥
ਨਰਸਿੰਘਾਵਤਾਰੰ ॥ ਵਹੈ ਕਾਲ ਮਾਰੰ ॥
ਬਡੋ ਡੰਡ ਧਾਰੀ ॥ ਹਣਿਓ ਕਾਲ ਭਾਰੀ ॥੭੩ ॥
ਦਿਜੰ ਬਾਵਨੇਯੰ ॥ ਹਣਿਓ ਕਾਲ ਤੇਯੰ ॥
ਮਹਾ ਮੱਛ ਮੁੰਡੰ ॥ ਫਧਿਓ ਕਾਲ ਝੁੰਡੰ ॥੭੪ ॥
ਜਿਤੇ ਹੋਇ ਬੀਤੇ ॥ ਤਿਤੇ ਕਾਲ ਜੀਤੇ ॥
ਜਿਤੇ ਸਰਨ ਜੈਹੈਂ ॥ ਤਿਤਿਓ ਰਾਖ ਲੈਹੈਂ ॥੭੫ ॥
(ਬਚਿਤ੍ਰ ਨਾਟਕ, ਅਧਿਆਇ :੧)

ਤਥਾ ਸਵੈਯਾ :–

ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾ ਕੀ ਕਲਾ ਹੈ ॥
ਕਾਲ ਹੀ ਪਾਇ ਭਯੋ ਬ੍ਰਹਮਾ ਸਿਵ ਕਾਲ ਹੀ ਪਾਇ ਭਯੋ ਜੁਗੀਆ ਹੈ ॥
ਕਾਲ ਹੀ ਪਾਇ ਸੁਰਾਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ ॥
ਔਰ ਸੁਕਾਲ ਸਭੈ ਬਸ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ ॥੯੪ ॥
(ਬਚਿਤ੍ਰ ਨਾਟਕ, ਅਧਿਆਇ ੧)

ਬਿਨਾਸਮਾਨ ਸਰੀਰ ਰੂਪੀ ਅਕਾਰ ਜਾਮੇ ਅੰਦਰ ਅਵਤਰੀ ਪਰਮਾਤਮ ਜੋਤਿ ਕਲਾ ਨੇ ਕਲਾ-ਕ੍ਰਿਸ਼ਮੀ-ਕਉਤਕ ਵਰਤਾਏ। ਇਹ ਸਭ ਅਕਾਲ ਪੁਰਖ ਦੀ ਅਗਾਧ ਸ਼ਕਤੀ ਦੇ ਚਮਤਕਾਰ ਹਨ ਪਰੰਤੂ ਆਮ ਸੰਸਾਰੀਆਂ ਪ੍ਰਤੀ ਇਹ ਸਾਕਾਰੀ ਅਵਤਾਰ-ਜਾਮਿਆਂ ਦੇ ਹੀ ਕਾਰਨਾਮੇ ਪ੍ਰਤੀਤ ਹੁੰਦੇ ਸਨ, ਇਸ ਕਰਕੇ ਉਹ ਅਵਤਾਰਾਂ ਦੀ ਪੂਜਾ ਪ੍ਰਤਿਸ਼ਟਾ ਵਿਚ ਪ੍ਰਵਿਰਤ ਹੋ ਗਏ।

ਇਸ ਵਿਚ ਸੰਦੇਹ ਨਹੀਂ ਕਿ ਅਵਤਾਰਾਂ ਦੇ ਜੋਤਿ-ਕ੍ਰਿਸ਼ਮੀ-ਆਕਾਰ-ਜਾਮੇ ਭੀ ਨਿਰੰਕਾਰੀ ਜੋਤਿ ਪ੍ਰਤਿਬਿੰਬਤ ਹੋਣ ਕਰਿ, ਪਾਕ ਪੁਨੀਤ ਅਤੇ ਪ੍ਰਤਿਸ਼ਟਾ ਯੋਗ ਸਨ, ਪਰੰਤੂ ਓਹਨਾਂ ਨੂੰ ਨਿਰੰਕਾਰ ਦੀ ਅਕਾਲ ਮੂਰਤੀ ਸਮਝ ਕੇ ਪੂਜਣਾ ਮਹਾਂ ਅਗਿਆਨ ਸੀ, ਜੋ ਸੰਸਾਰੀ ਜੀਵਾਂ ਨੂੰ ਕਲਿਆਣ-ਕਾਰੀ ਮਾਰਗ ਤੋਂ ਕੁਮਾਰਗ ਪਾਉਣ ਵਾਲਾ ਸੀ। ਤਿਨ੍ਹਾਂ ਕੁਮਾਰਗੀ ਅਗਿਆਨ ਗ੍ਰਠੇ ਜੰਤਾਂ ਲਈ ਜਨਮ ਮਰਨ ਤੋਂ ਰਹਿਤ ਕਰਾਉਣ ਦੀ ਹੋਂਦ-ਹਸਤੀ ਦਾ ਅਨੁਮਾਨ ਹੀ ਰਹਿ ਖੜੋਤਾ ਸੀ। ਉਹਨਾਂ ਦੇ ਅਨੁਮਾਨ ਵਿਚ ਅਵਤਾਰ-ਜਾਮਿਆਂ ਦੇ ਸਰੀਰ ਆਕਾਰ ਜਦੋਂ ਬਿਨਾਸਮਾਨ ਹੋ ਜਾਂਦੇ ਸਨ ਤਾਂ ਨਿਰੰਕਾਰ; ਦੀ ਹਸਤੀ ਅਲੋਪ ਹੋ ਜਾਂਦੀ ਸੀ, ਅੰਧਕਾਰ ਛਾ ਜਾਂਦੀ ਸੀ। ਜਦੋਂ ਅਵਤਾਰ-ਜਾਮਾ ਜਨਮ ਲੈਂਦਾ ਸੀ ਤਾਂ ਉਹ ਇਸ ਜਾਮੇ ਰੂਪੀ ਅਕਾਰ ਅੰਦਰ ਹੀ ਨਿਰੰਕਾਰ ਅਕਾਲ ਪੁਰਖ ਦੀ ਹਸਤੀ ਨੂੰ ਮਹਿਦੂਦ ਸਮਝ ਲੈਂਦੇ ਸਨ। ਮਾਨੋ ਉਨ੍ਹਾਂ ਦੇ ਭਾ ਦਾ ਸਾਰਾ ਬ੍ਰਹਿਮੰਡ ਅਕਾਲ ਪੁਰਖ ਦੀ ਸੱਤਾ-ਸਰਬ-ਵਿਆਪਕਤਾ ਤੋਂ ਖ਼ਾਲੀ ਹੋ ਜਾਂਦਾ ਸੀ ਅਤੇ ਬਣਿਆ ਬਣਾਤਾ ਸਮੁੱਚਾ ਪਰੀਪੂਰਨ ਪਰਮੇਸ਼ਰ ਏਸੇ ਅਕਾਰ-ਜਾਮੇ ਅੰਦਰ ਆਣ ਵਰਤਦਾ ਸੀ। ਹੋਰ ਸਾਰੇ ਬ੍ਰਹਿਮੰਡ ਖੰਡ ਪਰਮੇਸ਼ਰ ਖੁਣੋਂ ਖ਼ਾਲੀ ਅਤੇ ਪਰਮਾਤਮਾ ਦੀ ਸੱਤਾ ਤੋਂ ਸੁੰਨ ਰਹਿ ਜਾਂਦੇ ਸੀ। ਪਰਮਾਤਮਾ ਦੀ ਜੋਤਿ-ਜਲਵ-ਸੱਤਾ ਉਨ੍ਹਾਂ ਦੇ ਭਾ ਦੀ ਸਮੁੱਚੀ ਹੀ ਇਸ ਜਾਮੇ ਅੰਦਰ ਆਣ ਹਲੂਲ ਕਰਦੀ ਸੀ। ਇਹ ਕਿਤਨਾ ਭਾਰੀ ਅਗਿਆਨ ਸੀ।

ਇਸ ਅਗਿਆਨ ਭਰਮ ਗੜ੍ਹ ਨੂੰ ਅਸਾਡੇ ਸਤਿਗੁਰੂ ਸਾਹਿਬਾਨ ਨੇ ਹੀ ਤੋੜਿਆ ਅਤੇ ਅਸਾਨੂੰ ਗੁਰਸਿਖਾਂ ਨੂੰ ਸੱਚਾ ਗਿਆਨ ਪ੍ਰਦਾਨ ਕੀਤਾ ਕਿ ਜੋਤੀ ਸਰੂਪ ਸਰਬ ਸ਼ਕਤੀਮਾਨ ਸਰਬ-ਵਿਆਪਕ ਅਕਾਲ ਪੁਰਖ ਦੀ ਜੋਤਿ ਗੁਰੂ-ਜਾਮੇ ਅੰਦਰ ਆਪਣੀ ਪੂਰਨ ਜਲਵ-ਜੋਤੀਸ਼-ਕਲਾ ਅੰਦਰ ਜਲਵਾਗਰ ਹੁੰਦੀ ਹੋਈ ਭੀ ਸਾਰੇ ਖੰਡਾਂ ਬ੍ਰਹਿਮੰਡਾਂ ਵਿਖੇ ਬਿਰਾਜਮਾਨ ਅਤੇ ਪਰੀਪੂਰਨ ਰਹਿੰਦੀ ਹੈ। ਆਨ ਅਵਤਾਰ-ਜਾਮਿਆਂ ਅੰਦਰ ਭੀ ਜਦੋਂ ਜਲਵਾ-ਅਫ਼ਰੋਜ਼ (ਸੁਭਾਇਮਾਨ) ਹੋਈ ਤਾਂ ਕੇਵਲ ਓਥੇ ਓਹਨਾਂ ਜਾਮਿਆਂ ਅੰਦਰ ਹੀ ਮਹਿਦੂਦ ਅਤੇ ਮੁਕੀਯਦ (ਸੀਮਤ) ਨਹੀਂ ਰਹੀ ਅਤੇ ਤਿਨ੍ਹਾਂ ਅਵਤਾਰ-ਜਾਮਿਆਂ ਦੇ ਬਿਨਾਸ ਹੋਣ ਨਾਲ ਬਿਨਾਸ ਨਹੀਂ ਹੁੰਦੀ ਰਹੀ, ਸਗੋਂ ਏਹਨਾਂ ਅਵਤਾਰ-ਜਾਮਿਆਂ ਦੁਆਰਾ ਲੋੜ ਅਤੇ ਸਮੇਂ ਅਨੁਸਾਰ ਆਪਣੀ ਕਲਾ ਵਰਤਾ ਕੇ ਭਗਤ ਜਨਾਂ ਦੀ ਰਖਿਆ ਦਾ ਬਾਨ੍ਹਣੂ ਬੰਨ੍ਹਦੀ ਰਹੀ ਅਤੇ ਦੁਸ਼ਟਾਂ ਦਾ ਦਮਨ ਕਰਦੀ ਰਹੀ, ਜੈਸਾ ਕਿ–

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
(ਆਸਾ ਮ. ੪, ਅੰਗ : ੪੫੧)

ਵਾਲੇ ਗੁਰਵਾਕ ਦੇ ਉਦਾਹਰਣੀ ਪ੍ਰਮਾਣ ਤੋਂ ਸਪੱਸ਼ਟ ਹੈ।

▪▪

## ਅੱਜ ਦਾ ਗੁਰੂ ਕਾ ਸਿੱਖ

ਇਹ ਗੱਲ ਸੂਰਜ ਵਾਂਗ ਉਜਾਗਰ ਹੈ ਕਿ ਅੱਜ ਦਾ ਸਿੱਖ ਪੁਰਾਤਨ ਗੁਰਸਿੱਖਾਂ ਵਰਗਾ ਨਹੀਂ ਰਿਹਾ। ਇਸ ਦਾ ਮੂਲ ਕਾਰਨ ਹੈ ਕਿ ਉਹ ਅਹਾਰ ਪੱਖੋਂ ਕਮਜ਼ੋਰ ਹੋ ਗਿਆ ਹੈ। ਅੱਜ ਜਿਹੜੀਆਂ ਕਮਜ਼ੋਰੀਆਂ, ਆਚਰਣ-ਹੀਣਤਾ, ਆਪਾ-ਧਾਪੀ, ਖ਼ੁਦਗਰਜ਼ੀ, ਚੌਧਰ ਦੀ ਭੁੱਖ ਆਦਿ ਦੋਸ਼ ਸਿੱਖ ਕੌਮ ਵਿਚ ਆ ਗਏ ਹਨ, ਇਸ ਦਾ ਮੂਲ ਕਾਰਨ ਹੀ ਮਾਸ ਸ਼ਰਾਬ ਜਿਹੀਆਂ ਨਿੰਦਤ ਵਸਤੂਆਂ ਦੀ ਵਰਤੋਂ ਹੈ। ਅੱਜ ਜੇਕਰ ਗੁਰੂ ਕੇ ਸਿੰਘਾਂ ਵਿਚ ਜਿਥੇ ਅੰਮ੍ਰਿਤ ਦੀ ਦਾਤਿ, ਪਾਵਨ ਗੁਰਬਾਣੀ ਦੀ ਬਖਸ਼ਸ਼, ਤਮਾਕੂ ਦੀ ਲਾਹਨਤ ਤੋਂ ਬਚਾਅ ਅਤੇ ਕੇਸਾਂ ਦੀ ਮਹਾਨ ਸ਼ਕਤੀ ਦੇ ਨਾਲ ਅਹਾਰ-ਪਵਿਤ੍ਰਤਾ ਵੀ ਆ ਜਾਏ ਅਤੇ ਗੁਰੂ ਕਾ ਸਿੰਘ ਜੇ ਮਾਸ ਸ਼ਰਾਬ ਜਿਹੀਆਂ ਤਾਮਸਿਕ ਵਸਤੂਆਂ ਦਾ ਵੀ ਤਿਆਗ ਕਰ ਦਏ ਤਾਂ ਯਕੀਨਨ ਇਸ ਵਿਚ ਪੁਰਾਤਨ ਸਿੰਘਾਂ ਵਾਲੀ ਵੀਰਤਾ ਮੁੜ ਸੁਰਜੀਤ ਹੋ ਸਕਦੀ ਹੈ। ਮੁੜ ਕੇ ਸਿੰਘ ਬਚਨ ਤੇ ਕਰਣੀ ਦਾ ਸੂਰਾ ਬਣ ਸਕਦਾ ਹੈ, ਮੁੜ ਇਸ ਦਾ ਆਚਰਣ ਦੁਸ਼ਮਣਾਂ ਦੇ ਮੂੰਹੋਂ ਵੀ ਸਲਾਹਿਆ ਜਾਣ ਵਾਲਾ ਬਣ ਸਕਦਾ ਹੈ ਅਤੇ ਮੁੜ ਕੇ ਇਹ ਇਕੱਲਾ-ਇਕੱਲਾ ਵੀ ਹਜ਼ਾਰਾਂ ਦੁਸ਼ਮਣਾਂ ਉਤੇ ਭਾਰੂ ਹੋ ਸਕਦਾ ਹੈ।

ਪੁਰਾਤਨ ਗੁਰ-ਸਿੰਘਾਂ ਵਿਚ ਉਪ੍ਰੋਕਤ ਗੁਣਾਂ ਦੇ ਨਾਲ ਆਪ-ਸੰਚਾਰੀ ਸ਼ਕਤੀ ਦੇ ਭਰੋਸੇ ਹੀ ਦਸਮ ਪਿਤਾ ਨੇ ਛਾਤੀ ਤਾਣ ਕੇ ਦਾਅਵਾ ਕੀਤਾ ਸੀ ਅਤੇ ਇਸ ਨੂੰ ਸੱਚ ਕਰ ਦਿਖਾਇਆ ਸੀ-'ਸਵਾ ਲਾਖ ਸੇ ਏਕ ਲੜਾਊਂ ॥'

ਅੱਜ ਦਾ ਗੁਰਸਿੱਖ ਜ਼ਰਾ ਆਪਣੇ ਗਿਰੀਬਾਨ ਵਿਚ ਝਾਤੀ ਮਾਰ ਕੇ ਸੋਚਣ ਦੀ ਖੇਚਲ ਤਾਂ ਕਰੇ ਕਿ, ਕੀ ਉਸ ਦੀ ਅੱਜ ਦੀ ਮੌਜੂਦਾ ਹਾਲਤ ਵਿਚ ਸਤਿਗੁਰੂ ਦਸਮੇਸ਼ ਪਿਤਾ ਦਾ ਉਪ੍ਰੋਕਤ ਦਾਅਵਾ ਸੱਚ ਸਾਬਤ ਹੋ ਸਕਦਾ ਹੈ?

(ਜੇ.ਪੀ. ਸੰਗਤ ਸਿੰਘ ਲਿਖਤ ਪੁਸਤਕ 'ਸਿੱਖ ਧਰਮ ਤੇ ਮਾਸ ਸ਼ਰਾਬ' ਵਿਚੋਂ)

▪▪

# ਕੀਰਤਨ ਦੀ ਮਹੱਤਤਾ

■ ਪ੍ਰਿੰਸੀਪਲ ਸਜਣ ਸਿੰਘ ਜੀ, ਨਵੀਂ ਦਿੱਲੀ

ਗੁਰਸਿੱਖਾਂ ਦਾ ਹਰੇਕ ਨਵਾਂ ਦਿਹਾੜਾ ਨਾਮ ਅਭਿਆਸ, ਨਿੱਤਨੇਮ, ਸੁਖਮਨੀ ਸਾਹਿਬ ਤੇ ਆਸਾ ਦੀ ਵਾਰ ਤੋਂ ਆਰੰਭ ਹੁੰਦਾ ਹੈ। ਗੁਰਮੁਖ ਜਨਾਂ ਦੇ ਜੀਵਨ ਤੋਂ ਸੇਧ ਮਿਲਦੀ ਹੈ ਕਿ ਗੁਰਬਾਣੀ ਦਾ ਪਾਠ, ਨਾਮ ਅਭਿਆਸ ਤੇ ਕੀਰਤਨ ਦੇ ਸੰਗਮ ਵਿਚ ਸਹਜ ਅਵਸਥਾ, ਪ੍ਰੇਮ ਭਾਵਨਾ, ਚਾਅ ਉਮਾਹ ਤੇ ਖੇੜੇ ਦਾ ਰਸ ਭਰਨ ਦੀ ਤਾਸੀਰ ਹੈ। ਕਿਸੇ ਇਕ ਦੀ ਘਾਟ ਕਾਰਨ, ਅਧਿਆਤਮਕ ਜੀਵਨ ਵਿਚ, ਜੇ ਬਦ-ਕਿਸਮਤੀ ਨਾਲ ਨਾਮ ਰਸ ਵਿਚ ਗਿਰਾਵਟ ਆ ਜਾਵੇ ਤਾਂ ਇਹ ਅਨਹੋਣੀ ਗੱਲ ਨਹੀਂ ਹੁੰਦੀ।

ਕੀਰਤਨ ਨੂੰ ਜਿੰਨਾ ਉੱਚਾ ਦਰਜਾ ਸਿੱਖ ਧਰਮ ਵਿਚ ਮਿਲਿਆ ਹੈ, ਏਨਾ ਹੋਰ ਕਿਸੇ ਧਰਮ ਵਿਚ ਨਹੀਂ। ਇਹ ਤੱਥ ਦਲੀਲਬਾਜ਼ੀ ਦਾ ਮੁਥਾਜ ਨਹੀਂ। ਇਸ ਦਾ ਮੁੱਖ ਕਾਰਨ ਕੀਰਤਨ ਦੇ ਵਿਲੱਖਣ ਰੂਪ ਦਾ ਦੈਵੀ ਪ੍ਰਭਾਵ ਹੈ। ਇਸ ਦੀ ਮਹਿਮਾ ਪਰੇ ਤੋਂ ਪਰੇ ਹੈ। ਇਹ ਦੁਰਲੱਭ ਵਸਤੂ ਹੈ, ਨਿਰਮੋਲਕ ਹੀਰਾ ਹੈ, ਜਿਸ ਦੇ ਗੁਣਾਂ ਦਾ ਮੁਲਾਂਕਣ ਨਾਮਧਰੀਕ ਪਾਰਖੂਆਂ ਦੀਆਂ ਅੱਖਾਂ ਦੁਆਰਾ ਨਹੀਂ ਕੀਤਾ ਜਾ ਸਕਦਾ। ਨਿਰਸੰਦੇਹ ਅਸੀਂ ਜਨਮ ਕਰਕੇ ਵਡਭਾਗੀ ਹਾਂ, ਜਿਨ੍ਹਾਂ ਦੀਆਂ ਕੁਮਲਾਈਆਂ ਰੂਹਾਂ ਨੂੰ ਪ੍ਰਫੁੱਲਤ ਕਰਨ ਹਿੱਤ ਸਤਿਗੁਰੂ ਨਾਨਕ ਦੇਵ ਜੀ ਨੇ ਕੀਰਤਨ ਦੀ ਵਿਸ਼ੇਸ਼ਤਾ ਪ੍ਰਗਟਾਈ ਤੇ ਉਪਦੇਸ਼ ਦੁਆਰਾ ਦ੍ਰਿੜ੍ਹਾਈ।

ਹਜ਼ੂਰ ਨੇ ਨਦਰਿ ਰਹਿਮਤ ਕਰਕੇ ਆਪਣੇ ਸਾਥੀ ਭਾਈ ਮਰਦਾਨਾ ਜੀ ਨੂੰ ਕੀਰਤਨ ਕਰਨ ਤੇ ਸਾਜ਼ ਦੀ ਵਰਤੋਂ ਕਰਨ ਦੀ ਬਖ਼ਸ਼ਿਸ਼ ਕੀਤੀ। ਇਸ ਦੇ ਬਾਅਦ ਮਰਦਾਨੇ ਦੀ ਸੰਤਾਨ ਨੂੰ ਗੁਰੂ ਦਰਬਾਰ ਵਿਚ ਕੀਰਤਨ ਕਰਨ ਦਾ ਮਾਣ ਪ੍ਰਾਪਤ ਹੁੰਦਾ ਰਿਹਾ। ਸੱਤਾ ਬਲਵੰਡ ਦੇ ਹੰਕਾਰ ਭਰੇ ਬਚਨਾਂ ਨੂੰ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾ-ਕੇਵਲ ਆਪ ਸਿਰੰਦਾ ਫੜ ਕੇ ਕੀਰਤਨ ਕਰਨਾ ਆਰੰਭ ਕੀਤਾ ਬਲਕਿ ਪਿਆਰੇ ਅਧਿਕਾਰੀ ਗੁਰਸਿੱਖਾਂ ਨੂੰ ਸੰਗੀਤ ਵਿਦਿਆ ਦੀ ਸਿਖਲਾਈ ਦਾ ਪ੍ਰਬੰਧ ਕਰਕੇ ਨਿਪੁੰਨ ਕੀਤਾ।

ਕੀਰਤਨ ਗੁਰਬਾਣੀ ਤੇ ਮਨ ਨੂੰ ਇਕਾਗਰ ਕਰਨ ਵਾਲੇ ਰਾਗ ਦਾ ਸੁਮੇਲ ਹੈ। ਕੁਦਰਤੀ ਤੌਰ 'ਤੇ ਮਾਹਰ ਕੀਰਤਨੀਏ ਦੁਆਰਾ ਸੱਚੀ ਬਾਣੀ ਦੀ ਕੀਰਤੀ ਏਨੀ ਪ੍ਰਭਾਵ ਪੂਰਨ ਸਿੱਧ ਹੁੰਦੀ ਹੈ ਕਿ ਭਟਕਦਾ ਮਨ ਸਹਿਜੇ ਹੀ ਇਕਾਗਰ ਹੁੰਦਾ ਹੈ, ਪੱਥਰ-ਦਿਲ ਦ੍ਰਵ ਕੇ ਮੋਮ ਦੀ ਖ਼ਾਸੀਅਤ ਧਾਰਨ ਕਰਦਾ ਹੈ, ਮਨ ਨਿਰਮਲ ਹੋਇ ਕੇ ਅਕਾਲ ਪੁਰਖ ਦੀ ਉਸਤਤਿ ਵਿਚ ਟਿਕਦਾ ਹੈ। ਪ੍ਰੇਮ, ਉਮੰਗ ਦਾ ਜਜ਼ਬਾ ਤੀਬਰ ਹੋ ਕੇ, ਸੁਰਤੀ ਨੂੰ ਆਤਮਿਕ ਮੰਡਲ ਦੀਆਂ ਸਿਖ਼ਰਾਂ ਤੱਕ ਪਹੁੰਚਾਉਂਦਾ ਹੈ। ਜਿਨ੍ਹਾਂ ਧਰਮਾਂ ਜਾਂ ਉਪ-ਧਰਮਾਂ ਨੇ ਕੀਰਤਨ ਦੇ ਰੱਬੀ ਗੁਣਾਂ ਦੀ ਪਛਾਣ ਨਹੀਂ ਕੀਤੀ, ਉਨ੍ਹਾਂ ਦੀ ਹੇਠੀ ਕਰਨੀ ਜਾਂ ਨਿੰਦਿਆ ਕਰਨੀ ਗੁਰਸਿੱਖ ਨੂੰ ਬਿਲਕੁਲ ਨਹੀਂ ਸੋਭਦੀ, ਪਰ ਇਸ ਸੱਚਾਈ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਹੜਾ ਬਿਰਹਾ, ਵੈਰਾਗ, ਅਗੰਮੀ ਰਸ, ਅਨੰਦ ਸਰੂਰ, ਚੜ੍ਹਦੀ ਕਲਾ ਜਾਂ ਦਰਸ-ਮਿਲਾਵੜਾ-ਉਤਸ਼ਾਹ ਇਸ ਕੀਰਤਨ ਤੋਂ ਉਪਜਦਾ ਹੈ, ਉਸ ਦੀ ਘਾਟ ਕਿਸੇ ਹੋਰ ਵਿਧੀ ਦੁਆਰਾ ਪੂਰੀ ਹੁੰਦੀ ਸੰਭਵ ਪ੍ਰਤੀਤ ਨਹੀਂ ਹੁੰਦੀ।

ਕੀਰਤਨ ਨੂੰ ਜਿੰਨਾ ਉੱਚਾ ਦਰਜਾ ਸਿੱਖ ਧਰਮ ਵਿਚ ਮਿਲਿਆ ਹੈ, ਏਨਾ ਹੋਰ ਕਿਸੇ ਧਰਮ ਵਿਚ ਨਹੀਂ। ਇਹ ਤੱਥ ਦਲੀਲਬਾਜ਼ੀ ਦਾ ਮੁਥਾਜ ਨਹੀਂ। ਇਸ ਦਾ ਮੁੱਖ ਕਾਰਨ ਕੀਰਤਨ ਦੇ ਵਿਲੱਖਣ ਰੂਪ ਦਾ ਦੈਵੀ ਪ੍ਰਭਾਵ ਹੈ। ਇਸ ਦੀ ਮਹਿਮਾ ਪਰੇ ਤੋਂ ਪਰੇ ਹੈ। ਇਹ ਦੁਰਲੱਭ ਵਸਤੂ ਹੈ, ਨਿਰਮੋਲਕ ਹੀਰਾ ਹੈ, ਜਿਸ ਦੇ ਗੁਣਾਂ ਦਾ ਮੁਲਾਂਕਣ ਨਾਮਧਰੀਕ ਪਾਰਖੂਆਂ ਦੀਆਂ ਅੱਖਾਂ ਦੁਆਰਾ ਨਹੀਂ ਕੀਤਾ ਜਾ ਸਕਦਾ।

ਕਥਾ, ਕਹਾਣੀਆਂ, ਸਾਖੀਆਂ, ਢਾਡੀਆਂ ਦੀਆਂ ਵਾਰਾਂ, ਕਵਿਤਾਵਾਂ ਦਾ ਉਚਾਰਨ, ਇਹ ਸਭ ਆਪਣੇ ਥਾਂ ਮੁਬਾਰਕ ਹਨ ਪਰ ਜਿਥੇ ਨਿਰੋਲ ਕੀਰਤਨ ਦਾ ਰੂਪ ਹੋਵੇ, ਓਥੇ ਸੱਚੀ ਗੁਰਬਾਣੀ ਜਾਂ ਗੁਰ ਪੰਥ ਦੁਆਰਾ ਪ੍ਰਵਾਨਿਤ ਲਿਖਤਾਂ : ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਆਦਿ ਦੀਆਂ ਰਚਨਾਵਾਂ ਦਾ ਗਾਉਣਾ ਸੋਭਾ ਪਾਉਂਦਾ ਹੈ। ਅਰਦਾਸ ਵਿਚ ਵੀ ਆਪਣੇ ਮਨ ਦੀ ਭਾਵਨਾ, ਬੇਨਤੀ, ਮੰਗ ਜਾਂ ਦੁੱਖ ਪੀੜ ਦਾ ਸੁਨੇਹਾ ਆਪਣੇ ਸ਼ਬਦਾਂ ਰਾਹੀਂ ਪ੍ਰਗਟ ਕਰਨਾ ਵਾਜਬ ਹੈ ਪਰ ਗੁਰਬਾਣੀ ਦੀ ਤੁਕ ਨੂੰ ਘਟਾ ਵਧਾ ਕੇ, ਵਿਗਾੜ ਕੇ, ਜਾਂ ਆਪੂੰ ਬਣਾਈ ਧਾਰਨਾ ਨੂੰ ਸੰਗੀਤਕ ਰੂਪ ਦੇ ਕੇ ਸੁਣਾਉਣਾ ਸਤਿਗੁਰ ਦੀ ਆਗਿਆ ਨੂੰ ਭੰਗ ਕਰਨਾ ਹੈ। ਕੋਈ ਗੀਤ ਗੁਰਬਾਣੀ ਤੁੱਲ ਨਹੀਂ ਹੋ ਸਕਦਾ। ਨਾ ਹੀ ਗੁਰਬਾਣੀ ਨੂੰ ਛੁਟਿਆ ਕੇ ਗੀਤ ਦੇ ਸਤਹ ਤੱਕ ਪਹੁੰਚਾਉਣਾ ਹੈ। ਇਹ ਕਾਵਿਕ ਰੂਪ ਵਿਚ, ਧੁਰ ਦਰਗਾਹੋਂ ਵਰ੍ਹਿਆ ਬ੍ਰਹਮ ਬੀਚਾਰ ਦਾ ਨੂਰ ਹੈ। ਭਗਤ ਕਬੀਰ ਜੀ ਦਾ ਪਾਵਨ ਫ਼ੁਰਮਾਨ ਹੈ :

**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥**
**ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥੩॥**
**ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥**
**ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ ॥੪॥੧॥੪॥੫੫॥**
**(ਗਉੜੀ ਕਬੀਰ ਜੀਉ, ਅੰਗ : ੩੩੫)**

ਨਾਮ ਸਿਮਰਨ 'ਤੇ ਸਮੇਂ ਜਾਂ ਅਸਥਾਨ ਬਾਰੇ ਕੋਈ ਬੰਦਿਸ਼ ਨਹੀਂ ਹੈ। ਊਠਤ, ਬੈਠਤ, ਸੋਵਤ, ਜਾਗਤ, ਘਰ-ਬਾਹਰ ਤੇ ਤੁਰਦੇ-ਫ਼ਿਰਦੇ ਨਾਮ ਜਪਣ ਦੀ ਤਾਕੀਦ ਹੈ ਪਰ ਕੀਰਤਨ ਦਾ ਪ੍ਰਯੋਜਨ ਹਰੇਕ ਅਸਥਾਨ 'ਤੇ ਨਹੀਂ ਸੋਭਦਾ। ਹੋਟਲਾਂ, ਕਲੱਬਾਂ, ਥੀਏਟਰਾਂ ਤੇ ਹੋਰ ਜਨਤਕ ਸਥਾਨਾਂ ਵਿਚ, ਭਜਨਾਂ, ਗੀਤਾਂ, ਗਜ਼ਲਾਂ ਤੇ ਕੱਵਾਲੀਆਂ ਦਾ ਪ੍ਰਯੋਜਨ ਤਾਂ ਨਿਭ ਸਕਦਾ ਹੈ ਪਰ ਇਨ੍ਹਾਂ ਦੇ ਮੁਕਾਬਲੇ ਵਿਚ ਕੀਰਤਨ ਕਰਨਾ ਆਗਿਆ ਪਾਲਣ ਹੈ ਜਾਂ ਹੁਕਮ-ਅਦੂਲੀ ਹੈ, ਗੁਰਸਿੱਖ ਸੰਗਤ ਨੂੰ ਸਮਝਾਉਣ ਦੀ ਲੋੜ ਨਹੀਂ। ਥਾਂ-ਕੁਥਾਂ ਕੀਰਤਨ ਕਰਨਾ ਗੁਰਸਿੱਖੀ ਦੇ ਪ੍ਰਚਾਰ ਦਾ ਸੁਚੱਜਾ ਢੰਗ ਨਹੀਂ ਗਿਣਿਆ ਜਾਂਦਾ। ਗੁਰਮਤਿ ਅਨੁਸਾਰ ਸਹੀ ਤੇ ਉੱਤਮ ਪ੍ਰਚਾਰ ਲਈ ਕੀਰਤਨ ਦੇ ਉਦੇਸ਼ ਨੂੰ ਸਮਝਣ ਤੇ ਕਮਾਉਣ ਦੀ ਲੋੜ ਹੈ।

ਸਿੱਖਣ-ਸਿਖਾਉਣ, ਅਭਿਆਸ ਕਰਨ ਜਾਂ ਇਲਾਹੀ ਰੰਗ ਮਾਨਣ ਲਈ ਕੁਝ ਪ੍ਰੇਮੀਆਂ ਦਾ ਆਪਣੇ ਘਰ ਜਾਂ ਬਾਹਰ ਕਿਸੇ ਚੰਗੇ ਵਾਤਾਵਰਣ ਵਾਲੀ ਜਗ੍ਹਾ 'ਤੇ ਕੀਰਤਨ ਕਰਨਾ ਬਖ਼ਸ਼ਿਸ਼ ਦਾ ਪ੍ਰਗਟਾਵਾ ਹੈ, ਜਿਵੇਂ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪਣੇ



ਨਿਕਟਵਰਤੀ ਪ੍ਰੇਮੀਆਂ ਨਾਲ ਉਜਾੜ ਬੀਆਬਾਨ ਵਿਚ, ਨਾਮ ਅਭਿਆਸ ਤੇ ਕੀਰਤਨ ਦੀਆਂ ਗੂੰਜਾਂ ਪਾ ਕੇ ਮਸਤੁਲਮਸਤ ਅਵਸਥਾ ਵਿਚ ਵਿਚਰਦੇ ਸਨ ਪਰ ਪੇਸ਼ਾਵਰ ਕੀਰਤਨੀਆਂ ਨੂੰ, ਜਿਨ੍ਹਾਂ ਦਾ ਮੁੱਖ ਕਰਤੱਵ ਸੰਗਤ ਦੀ ਬਿਰਤੀ ਨੂੰ ਅਕਾਲ ਪੁਰਖ ਦੇ ਚਰਨਾਂ ਨਾਲ ਜੋੜਨਾ ਹੈ, ਗੁਰਮਤਿ ਪਾਬੰਦੀ ਜਾਂ ਗੁਰ ਪੰਥ ਦੁਆਰਾ ਲਾਈ ਬੰਦਿਸ਼ ਤੋਂ ਬਾਹਰ ਜਾਣਾ ਸੋਭਨੀਕ ਨਹੀਂ।

ਕੀਰਤਨ ਦਾ ਮੁੱਖ ਉਦੇਸ਼, ਜੁਗੋ ਜੁਗ ਅਟੱਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚੀ ਬਾਣੀ ਦਾ ਕੀਰਤਨ ਸੁਣਾ ਕੇ ਪ੍ਰਸੰਨਤਾ ਪ੍ਰਾਪਤ ਕਰਨੀ ਹੈ। ਸੰਗਤ ਸਰੋਤਿਆਂ ਦੇ ਰੂਪ ਵਿਚ ਕੀਰਤਨ ਸਰਵਣ ਕਰਕੇ ਅਨੰਦ ਮਾਣਦੀ ਹੈ। ਕੀਰਤਨੀਏ ਜਿੰਨਾ ਅਧਿਕ ਗੁਰਦੇਵ ਜੀ ਨਾਲ ਜੁੜਨਗੇ, ਉਨਾ ਹੀ ਸੰਗਤ ਕੀਰਤਨ ਨਾਲ ਜੁੜੇਗੀ। ਸੱਚੇ ਗੁਰਦੇਵ ਦੀ ਹਾਜ਼ਰੀ ਸਰੋਤਿਆਂ ਨੂੰ ਸੰਗਤ ਵਿਚ ਬਦਲ ਦਿੰਦੀ ਹੈ। ਹਜ਼ੂਰ ਦਾ ਮੁੱਖ ਵਾਕ ਹੈ :

**ਕਰਿ ਕਿਰਪਾ ਸੰਤਨ ਸਚੁ ਕਹਿਆ॥ ਸਰਬ ਸੁਖ ਇਹੁ ਆਨੰਦੁ ਲਹਿਆ॥**
**ਸਾਧਸੰਗਿ ਹਰਿ ਕੀਰਤਨੁ ਗਾਈਐ॥ ਕਹੁ ਨਾਨਕ ਵਡਭਾਗੀ ਪਾਈਐ॥੪॥**
**ਜਾ ਕੈ ਹਰਿ ਧਨੁ ਸੋਈ ਸੁਹੇਲਾ॥ ਪ੍ਰਭ ਕਿਰਪਾ ਤੇ ਸਾਧਸੰਗਿ ਮੇਲਾ॥੧॥ ਰਹਾਉ ਦੂਜਾ॥੧੨॥੮੧॥**
**(ਗਉੜੀ ਗੁ. ਮ. ੫, ਅੰਗ : ੧੭੯)**

ਇਸ ਗੁਰਵਾਕ ਦੀਆਂ ਮੁੱਢਲੀਆਂ ਪੰਗਤੀਆਂ ਰਾਹੀਂ ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਐ ਜੀਵ, ਮਨ ਨੂੰ ਮਾਇਆ, ਅਕਲ, ਸਿਆਣਪ, ਸ਼ਾਹੀ ਠਾਠ, ਗਾਣੇ ਗੀਤ, ਨਾਟਕ ਅਖਾੜੇ, ਤੇ ਛਤੀਹ ਪ੍ਰਕਾਰ ਦੇ ਭੋਜਨ ਤੋਂ ਤ੍ਰਿਪਤੀ ਨਹੀਂ ਮਿਲਣੀ, ਤਾਂ ਤੇ ਸੰਤ ਜਨਾਂ ਦੇ ਸ਼ਰਨੀ ਪੈ ਜਾ ਤੇ ਸਦੀਵੀ ਸੁੱਖ ਦੀ ਪ੍ਰਾਪਤੀ ਦੀ ਸਫ਼ਲ ਜੁਗਤਿ ਉਨ੍ਹਾਂ ਤੋਂ ਪੁੱਛ। ਸੰਤਾਂ ਨੇ ਕ੍ਰਿਪਾ ਕਰਕੇ ਸਾਧ ਸੰਗਤਿ ਵਿਚ ਹਰਿ ਕੀਰਤਨ ਗਾਉਣ, ਸੁਣਾਉਣ ਤੇ ਸ੍ਰਵਣ ਕਰਨ ਦਾ ਮਾਰਗ ਦੱਸਿਆ। ਹਜ਼ੂਰ ਪ੍ਰਸ਼ਨ ਕਰਦੇ ਹਨ :

**ਸੋ ਅਸਥਾਨੁ ਬਤਾਵਹੁ ਮੀਤਾ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ॥੧॥ ਰਹਾਉ॥**
**(ਆਸਾ ਮ. ੫, ਅੰਗ : ੩੮੫)**
**ਇਸ ਦਾ ਢੁੱਕਵਾਂ ਉਤਰ ਭੀ ਆਪ ਇਸੇ ਸ਼ਬਦ ਵਿਚ ਦਿੰਦੇ ਹਨ :**
**ਸਾਧਸੰਗਿ ਹਰਿ ਕੀਰਤਨੁ ਗਾਈਐ॥**
**ਇਹੁ ਅਸਥਾਨੁ ਗੁਰੂ ਤੇ ਪਾਈਐ॥੧॥ ਰਹਾਉ ਦੂਜਾ॥੭॥੫੮॥**
**(ਆਸਾ ਮ. ੫, ਅੰਗ : ੩੮੫)**

ਮਹਾਨ ਕੀਰਤਨੀਏ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਰਤਨ ਦੀ ਮਹੱਤਤਾ ਤੇ ਵਡਿਆਈ ਵਿਸਥਾਰ ਰੂਪ ਵਿਚ ਦ੍ਰਿਸ਼ਟਾਈ ਹੈ। ਦੁੱਖਾਂ, ਕਲੇਸ਼ਾਂ, ਮੁਸ਼ਕਿਲਾਂ ਤੋਂ ਨਿਜ਼ਾਤ ਪਾਉਣ ਤੋਂ ਇਲਾਵਾ ਤਨ, ਮਨ ਸੀਤਲ ਹੋਣਾ, ਧਾਵਤ ਮਨ ਦਾ ਨਿਹਚਲ ਹੋਣਾ, ਹਿਰਦਾ ਨਾਮ ਦੁਆਰਾ ਸਿੰਜਿਆ ਜਾਣਾ (ਜਿਉਂ ਵਰਖਾ ਦਾ ਪਾਣੀ ਸੁੱਕੀ ਪੈਲੀ ਨੂੰ ਸਿੰਜਦਾ ਹੈ), ਅਨਹਦ ਧੁਨੀ ਦਾ ਸੁਣਨਾ, ਮੂਧੇ ਪਏ ਹੋਏ ਕੰਵਲ ਦਾ ਖਿੜ ਕੇ ਸਿੱਧਾ ਹੋਣਾ ਆਦਿ ਉੱਚ ਅਵਸਥਾਵਾਂ ਦਾ ਵੀ ਜ਼ਿਕਰ ਕੀਤਾ ਹੈ। ਪਰ ਇਨ੍ਹਾਂ ਦੀ ਪ੍ਰਾਪਤੀ ਗੁਰ-ਮੰਤਰ ਦੀ ਕਮਾਈ ਦੁਆਰਾ ਹੀ ਸੰਭਵ ਹੈ। ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ :

**ਗੁਰ ਸੇਵਾ ਤੇ ਨਾਮੇ ਲਾਗਾ। ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ॥...੧॥**
**ਐਸਾ ਕੀਰਤਨੁ ਕਰਿ ਮਨ ਮੇਰੇ॥ ਈਹਾ ਊਹਾ ਜੋ ਕਾਮਿ ਤੇਰੈ॥੧॥ ਰਹਾਉ॥...**
**ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ॥ ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ॥**
**ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ॥੮॥੨॥**
**(ਗਉੜੀ ਮ.੫, ਅੰਗ : ੨੩੬)**

ਇਹ ਬਖ਼ਸ਼ਿਸ਼ਾਂ ਦਾ ਭੰਡਾਰ, ਅਖੰਡ ਕੀਰਤਨ ਦੀ ਬਦੌਲਤ ਹੈ, ਐਸਾ ਅਖੰਡ ਕੀਰਤਨ ਜਿਸ ਵਿਚ ਲਗਾਤਾਰ ਅਕਾਲ ਉਸਤਤਿ ਦਾ ਪਰਵਾਹ ਚੱਲੇ, ਭਾਸ਼ਨ, ਵਿਆਖਿਆ ਤੇ ਕੱਚੀ ਬਾਣੀ ਤੋਂ ਰਹਿਤ ਹੋਵੇ, ਜਜ਼ਬਾਤ ਭੜਕਾਊ ਤਰਜ਼ਾਂ ਤੇ ਮਨ ਖਿੰਡਾਉਣ ਵਾਲੀਆਂ ਧੁਨੀਆਂ ਤੋਂ ਮੁਕਤ ਹੋਵੇ। ਅਖੰਡ ਕੀਰਤਨ ਦਾ ਵਿਸ਼ਾ ਕੇਵਲ ਵਹਦੀਅਤ ਹੈ ਤੇ ਇਸ ਦਾ ਬਹੁ-ਪੱਖੀ ਰੂਪ ਅਤਿ ਪ੍ਰਭਾਵਸ਼ਾਲੀ ਹੈ।

ਕੀਰਤਨ ਮੁਰਦਾ ਰੂਹਾਂ ਵਿਚ ਨਵੀਂ ਜ਼ਿੰਦਗੀ ਭਰਨ ਵਾਲੀ ਇਕ ਸੰਜੀਵਨੀ ਬੂਟੀ ਹੈ। ਇਸ ਦਾ ਅਚੂਕ ਪ੍ਰਭਾਵ ਨਾ-ਕੇਵਲ ਮਨੁੱਖੀ ਹਿਰਦੇ 'ਤੇ ਪੈਂਦਾ ਹੈ, ਬਲਕਿ ਜਾਨਵਰਾਂ, ਪੰਛੀਆਂ, ਪਸ਼ੂਆਂ, ਪ੍ਰੇਤਾਂ ਦੀਆਂ ਪਤਿਤ ਬਿਰਤੀਆਂ ਵੀ ਅਗੰਮੀ ਸੁਆਦ ਨਾਲ ਅਨੰਦਿਤ ਹੁੰਦੀਆਂ ਹਨ। ਗੁਰ ਫ਼ੁਰਮਾਨ ਹੈ :

**ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ॥**
**ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ॥੧॥**
**ਪੂਰੇ ਗੁਰ ਕੀ ਦੇਖੁ ਵਡਾਈ॥ ਤਾ ਕੀ ਕੀਮਤਿ ਕਹਣੁ ਨ ਜਾਈ॥ ਰਹਾਉ॥੨॥**
**(ਸੋਰਠਿ ਮ. ੫, ਅੰਗ : ੬੧੪)**

ਇਸ ਤਰ੍ਹਾਂ ਦੀ ਮਹਾਨ ਇਨਕਲਾਬੀ ਕਲਾ ਵਰਤਾਉਣੀ ਸਤਿਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤੀ। ਆਪ ਜੀ ਤੋਂ ਪਹਿਲਾਂ ਕੀਰਤਨ ਦਾ ਇਹ ਸੁੰਦਰ ਸਰੂਪ ਤੇ ਇਸ ਦਾ ਅੰਮ੍ਰਿਤ-ਮਈ ਪ੍ਰਭਾਵ ਕਲਜੁਗੀ ਜੀਵਾਂ ਦੇ ਕਲਿਆਣ ਲਈ ਪ੍ਰਗਟ ਨਹੀਂ ਸੀ ਹੋਇਆ। ਬਗਦਾਦ ਸ਼ਹਿਰ ਵਿਚ ਹਜ਼ੂਰ ਦੀ ਬਾਂਗ (ਅੰਮ੍ਰਿਤ ਵੇਲੇ ਰੱਬੀ ਕੀਰਤਨ ਦਾ ਅਲਾਪ) ਤੇ ਭਾਈ ਮਰਦਾਨਾ ਜੀ ਦੀ ਰਬਾਬ ਦੇ ਜਾਦੂ ਨੇ ਸਾਰੀ ਨਗਰੀ ਸੁੰਨ-ਮੁੰਨ ਕਰ ਦਿੱਤੀ, ਕੁਦਰਤਿ ਖਾਮੋਸ਼ ਹੋ ਗਈ, ਬਨਸਪਤੀ ਦਾ ਪੱਤਾ-ਪੱਤਾ ਅਹਿੱਲ ਹੋ ਗਿਆ, ਪਸ਼ੂ-ਪੰਛੀ ਵਜਦ ਵਿਚ ਆ ਕੇ ਸ਼ਬਦ-ਧੁਨੀ ਵਿਚ ਲੀਨ ਹੋ ਗਏ। ਖ਼ੁਦ-ਪ੍ਰਸਤ ਬੰਦਿਆਂ ਦੇ ਫ਼ੁਰਨਿਆਂ ਦਾ ਅਭਾਵ ਹੋ ਗਿਆ, ਮਨਾਂ ਵਿਚ ਸੁੰਨ ਅਵਸਥਾ ਜਿਹੀ ਛਾ ਗਈ, ਆਤਮਾ ਨੂੰ ਵਾਸ਼ਨਾ ਦੀ ਭੁੱਖ ਤੋਂ ਨਿਜ਼ਾਤ ਮਿਲ ਗਈ, ਜਿਵੇਂ ਕਿ ਅਕਹਿ ਅਨੰਦ ਸਰੂਰ ਦੀ ਖ਼ੁਰਾਕ ਮਿਲ ਗਈ ਹੋਵੇ। ਇਸ ਅਜੀਬ ਕੌਤਕ ਦੇ ਸਦਕੇ ਕਿਸੇ ਮੁਲਾਣੇ ਜਾਂ ਕਾਜ਼ੀ ਦੀ ਹਿੰਮਤ ਨਹੀਂ ਪਈ ਕਿ ਉਹ ਨਿਰਾਦਰ ਭਰੇ ਸ਼ਬਦਾਂ ਨਾਲ ਹਜ਼ੂਰ ਨਾਲ ਮੁਖਾਤਬ ਹੋ ਕੇ ਚਰਚਾ ਕਰਦਾ।

ਇਸ ਦੇ ਵਿਪਰੀਤ ਸਾਧਾਰਨ ਕੀਰਤਨੀਆਂ ਨੂੰ ਕਈ ਵਾਰ ਗਿਲਾ ਹੁੰਦਾ

ਹੈ ਕਿ ਉਨ੍ਹਾਂ ਨੂੰ ਦਿੱਤੇ ਸਮੇਂ ਵਿਚ ਸਰੋਤਿਆਂ ਦੀ ਸੰਖਿਆ ਘੱਟ ਹੁੰਦੀ ਹੈ। ਐ ਮਨ **"ਪੂਰੇ ਗੁਰ ਕੀ ਦੇਖੁ ਵਡਾਈ ॥ ਤਾ ਕੀ ਕੀਮਤਿ ਕਹਣੁ ਨ ਜਾਈ ॥"** (ਪੰਨਾ : ੬੧੪) ਉਨ੍ਹਾਂ ਦੇ ਰੱਬੀ ਕੀਰਤਨ ਦਾ ਮੁਅਜਜ਼ਾ ਤੱਕ, ਜਿਸ ਨੂੰ ਸੁਣ ਕੇ ਅਗਿਆਨੀ, ਪਸ਼ੂ, ਫ਼ਿਟਕਾਰੇ ਪਰੇਤ ਤੇ ਮੂਰਖ ਮੁਗਧ ਇਨਸਾਨ ਵੀ ਦ੍ਰਵ ਕੇ ਸਰੋਤੇ ਬਣ ਗਏ।

ਦੰਭੀ ਤੇ ਕਚਘਰੜ ਗੁਰੂ ਆਪਣੇ ਅਖੌਤੀ ਚੇਲਿਆਂ ਨੂੰ ਆਪਣੇ ਪਿੱਛੇ ਲਾਉਣ ਲਈ ਤੇ ਗੱਦੀ ਦੀ ਪਰੰਪਰਾ ਨੂੰ ਕਾਇਮ ਰੱਖਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਆਪਣੇ ਮਨੋਰਥ ਦੀ ਪੂਰਤੀ ਲਈ ਉਚਿਤ ਉਪਦੇਸ਼ ਦੀ ਵਰਤੋਂ ਕਰਦੇ ਹਨ ਪਰ ਅਣਗਿਣਤ ਗੁਣਾਂ ਦੇ ਭੰਡਾਰ ਵਿਚੋਂ ਜਾਣ-ਬੁੱਝ ਕੇ ਅਤੇ ਵਿਸ਼ੇਸ਼ ਤੌਰ 'ਤੇ ਦੋ ਗੁਣਾਂ ਨੂੰ ਗ੍ਰਹਿਣ ਕਰਨ ਤੋਂ ਸਦਾ ਹੀ ਹਿਚਕਚਾਉਂਦੇ ਆਏ ਹਨ, ਉਹ ਹਨ : (੧) ਸੱਚੀ ਬਾਣੀ ਦਾ ਕੀਰਤਨ (੨) ਜਗਤ ਜੂਠ ਤਮਾਕੂ ਦੀ ਵਰਤੋਂ ਤੋਂ ਵਰਜਣਾ। ਮੱਕਾਰ ਆਦਮੀ ਭੋਲੇ ਤੇ ਅਨਜਾਣ ਨਹੀਂ ਹੁੰਦੇ, ਉਹ ਅਵੱਸ਼ ਜਾਣਦੇ ਹਨ ਕਿ ਕੀਰਤਨ, ਗੁਰਮਤਿ ਨਾਮ ਦੀ ਮਹਿਮਾ ਤੇ ਮਨਮਤੀ ਨਾਮ ਦੇ ਪੋਲ ਨੂੰ ਉਜਾਗਰ ਕਰਦਾ ਹੈ ਤੇ ਜਗਤ ਜੂਠ 'ਤੇ ਲਾਈ ਪਾਬੰਦੀ ਚੰਦਨ-ਵਤ ਸੁਗੰਧਤ ਨਾਮ, ਉੱਦਮ, ਦਲੇਰੀ, ਸੂਰਮਗਤੀ ਤੇ ਅਣਖ ਦਾ ਜਜ਼ਬਾ ਉਤਪੰਨ ਕਰਦੀ ਹੈ। ਦੂਸਰੇ ਸ਼ਬਦਾਂ ਵਿਚ, ਉਨ੍ਹਾਂ ਨੂੰ ਇਹ ਤੌਖਲਾ ਤੇ ਸੰਸਾ ਰਹਿੰਦਾ ਹੈ ਕਿ ਦੋਹਾਂ ਗੁਣਾਂ ਦੇ ਪ੍ਰਚਾਰ ਨਾਲ ਸਿੱਖ ਧਰਮ ਦਾ ਵੱਕਾਰ ਹੋਰ ਉੱਚਾ ਹੋ ਕੇ ਜਗਤ ਵਿਚ ਚਮਕੇਗਾ। ਗੁਰ-ਸ਼ਬਦ ਤੇ ਅਗਿਆਨੀਆਂ ਦੀ ਪੂਜਾ ਬਾਰੇ ਗਿਆਨ ਰਤਨਾਵਲੀ ਵਿਚ ਲਿਖਿਆ ਹੈ : **"ਜਿਥੇ ਬਾਬੇ ਦਾ ਸ਼ਬਦ ਪੜ੍ਹੀਦਾ ਹੈ, ਓਥੇ ਮੜ੍ਹੀਆਂ ਤੇ ਮੱਟਾਂ ਦੀ, ਅਗਯਾਨੀਆਂ ਤੇ ਦੇਵੀ ਦੇਵਤਿਆਂ ਦੀ ਪੂਜਾ ਘੱਟ ਜਾਂਦੀ ਹੈ।" (ਟੀਕਾ ੨੭ਵੀਂ ਪੌੜੀ ਦਾ)**

ਪ੍ਰੇਮਾ ਭਗਤੀ ਭਾਵਨਾ ਨਾਲ, ਮਿੱਠੀ ਸੁਰੀਲੀ ਧੁਨੀ ਵਿਚ ਗਾਈ ਗੁਰਬਾਣੀ ਰਸਾਇਣ ਦਾ ਰੂਪ ਧਾਰਦੀ ਹੈ। ਸਤਿਗੁਰੂ ਜੀ ਦਾ ਪਾਵਨ ਉਪਦੇਸ਼ ਹੈ ਕਿ ਅੰਮ੍ਰਿਤ ਰੂਪੀ ਕੀਰਤਨ ਦੀ ਛਹਿਬਰ ਪੱਥਰ ਦਿਲ ਨੂੰ ਮੋਮ ਕਰਕੇ ਨਿਰੰਕਾਰ ਦੇ ਦੇਸ਼ ਪਹੁੰਚਾਵਣ ਦੀ ਕਲਾ ਵਰਤਾਉਣ ਦੇ ਸਮਰੱਥ ਹੈ। ਭਗਤ ਰਤਨਾਵਲੀ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ, ਆਪਣੇ ਸਿੱਖਾਂ : ਝਾੜੂ, ਮੁੱਕੰਦੂ ਤੇ ਕਿਦਾਰਾ ਨੂੰ ਬਚਨ ਕਰਦੇ ਹਨ, "ਤੁਸਾਂ ਨੂੰ ਰਾਗ ਦੀ ਸੋਝੀ ਹੈ ਤੇ ਕਲਿਯੁਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ, ਇਹ ਸ਼ਾਤਕੀ ਸਾਧਨ ਹੈ, ਤੁਸੀਂ ਕੀਰਤਨ ਕਰਿਆ ਕਰੋ।...ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹਨ।"

ਐਸੀ ਜ਼ਾਹਰੀ ਕਲਾ ਹੈ, ਨਿਰੋਲ ਗੁਰਬਾਣੀ ਦੇ ਅਖੰਡ ਕੀਰਤਨ ਦੀ। ਆਪਣੀ ਬਿਰਤੀ ਅਨੁਸਾਰ ਕਦੇ ਜ਼ਮੀਰ ਰੌਸ਼ਨ ਹੁੰਦੀ ਹੈ, ਕਦੇ ਪ੍ਰੇਮ-ਰੂਪੀ ਬਾਣ ਨਾਲ ਮਨ ਵਿੰਨ੍ਹਿਆ ਜਾਂਦਾ ਹੈ, ਕਦੇ ਰੂਹਾਨੀ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਕਦੇ ਪ੍ਰਭੂ ਚਰਨਾਂ ਵਿਚ ਲਿਵਲੀਨਤਾ। ਗੁਰਮੁਖਾਂ ਦਾ ਕਹਿਣਾ ਹੈ ਕਿ ਗਿਆਨ ਨਾਲ ਪ੍ਰਭੂ ਜਾਣਿਆ ਜਾਂਦਾ ਹੈ ਤੇ ਪ੍ਰੇਮਾ ਭਗਤੀ ਦੁਆਰਾ ਪਾਇਆ ਜਾਂਦਾ ਹੈ। ਇਹ ਦੋਨੋਂ ਪ੍ਰਕਾਰ ਦੀਆਂ ਬਰਕਤਾਂ ਕੀਰਤਨ ਵਿਚੋਂ ਵਰ੍ਹਦੀਆਂ ਹਨ।

ਕੀਰਤਨ ਨੇ ਮਾਨਸਿਕ ਅਵਸਥਾ ਵਿਚ ਮਹੱਤਵਪੂਰਨ ਤਬਦੀਲੀਆਂ ਲਿਆਂਦੀਆਂ ਹਨ, ਜਿਨ੍ਹਾਂ ਦਾ ਵਰਨਣ ਹਜ਼ੂਰ ਨੇ ਬਹੁਤ ਵਿਸਥਾਰ ਨਾਲ ਕੀਤਾ ਹੈ :

**ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥**
**ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥੧॥**
**ਅਬ ਮੋਹਿ ਜੀਵਨ ਪਦਵੀ ਪਾਈ ॥**
**ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥੧॥ ਰਹਾਉ ॥੬॥**
**(ਮਾਰੂ ਮ. ੫, ਅੰਗ : ੧੦੦੦)**

--

# ਹਰਿ ਕੀਰਤਨ ਕੀ ਹੈ?

**ਵਡਭਾਗੀ ਹਰਿ ਕੀਰਤਨੁ ਗਾਈਐ ॥**
**ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥੧॥ ਰਹਾਉ ॥ (੪ ॥੮੪ ॥੧੫੩ ॥)**
**(ਗਉੜੀ ਮ.੫, ਅੰਗ : ੧੯੬)**

ਹਰਿ-ਕੀਰਤਨ ਗਾਵਣ ਦੀ ਐਸੀ ਅਮੋਲਕ ਦਾਤਿ ਹੈ ਜੋ ਕੇਵਲ ਤਿਨ੍ਹਾਂ ਵਡਭਾਗੀ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਨੂੰ ਆਪਿ ਤੁਠ ਕੇ ਗੁਰੂ ਕਰਤਾਰ ਦੇਵੇ। ਸਤਿਗੁਰ ਨਾਨਕ ਸੱਚਾ ਪਾਤਸ਼ਾਹ ਅਸਾਂ ਕਲਜੁਗੀ ਜੀਵਾਂ 'ਤੇ ਤੁੱਠਾ ਤਾਂ ਇਹ ਰੱਬੀ ਦਾਤਿ ਕੀਰਤਨ ਦੀ ਅਸਾਂ ਨੂੰ ਪ੍ਰਾਪਤ ਹੋਈ। ਪਰ ਅਸਾਥੋਂ ਇਹ ਸਮ੍ਹਾਲੀ ਨਾ ਗਈ।

ਹਰਿ-ਕੀਰਤਨ ਇਕ ਰੱਬੀ ਦਾਤਿ ਹੈ, ਜੋ ਧੁਰਿ ਕਰਤਾਰ ਦੇ ਦਰਬਾਰੋਂ ਕਲਜੁਗੀ ਜੀਵਾਂ ਦੇ ਉਧਾਰ ਲਈ ਸਤਿਗੁਰ ਨਾਨਕ ਸਾਹਿਬ ਜੀ ਦੁਆਰਾ ਇਸ ਸੰਸਾਰ ਵਿਖੇ ਆਣ ਕੇ ਪ੍ਰਵੇਸ਼ ਹੋਈ। ਸਤਿਗੁਰ ਨਾਨਕ ਦੇਵ ਜੀ ਮਹਾਰਾਜ ਸੱਚੇ ਪਾਤਸ਼ਾਹ ਦੁਆਰਾ ਧੁਰੋਂ ਆਈ ਸੱਚੀ ਦਾਤਿ 'ਗੁਰਬਾਣੀ' ਅਰਥਾਤ ਧੁਰ ਕੀ ਬਾਣੀ ਹੈ। ਤਾਂਤੇ ਕੇਵਲ ਗੁਰਬਾਣੀ ਨੂੰ ਗਾਵਣਾ ਹੀ ਹਰਿ-ਕੀਰਤਨ ਹੈ। ਯਥਾ ਗੁਰਵਾਕ -

**ਪਾਰਬ੍ਰਹਮੁ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ ॥**
**ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ ॥੧॥ (੪ ॥੧੬ ॥੨੭ ॥)**
**(ਸੋਰਠਿ ਮ. ੫, ਪੰਨਾ : ੬੧੬)**

**ਤਥਾ – ਗੁਰ ਪੂਰੇ ਕੀ ਬਾਣੀ ॥ ਪਾਰਬ੍ਰਹਮ ਮਨਿ ਭਾਣੀ ॥**
**ਨਾਨਕ ਦਾਸਿ ਵਖਾਣੀ ॥ ਨਿਰਮਲ ਅਕਥ ਕਹਾਣੀ ॥੨ ॥੧੮ ॥੮੨ ॥**
**(ਸੋਰਠਿ ਮ. ੫, ਅੰਗ : ੬੨੯)**

**ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ**
**ਹਰਿ ਕੀਰਤਿ ਹਰਿ ਮਨਿ ਧਾਰੇ ਰਾਮ ॥੧ ॥ (੪ ॥੩)**
**(ਬਿਹਾਗੜਾ ਮ.੪, ਅੰਗ :੫੩੯)**

**ਤਥਾ - ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥**
**ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ**
**ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ ॥੨ ॥ (੪ ॥੪ ॥)**
**(ਬਿਹਾਗੜਾ ਮ.੪, ਅੰਗ :੫੪੦)**

**(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)**

--



*21 ਫ਼ਰਵਰੀ, 1921 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ (ਹੁਣ ਪਾਕਿਸਤਾਨ) ਵਿਖੇ ਭ੍ਰਿਸ਼ਟ ਮਹੰਤਾਂ ਤੋਂ ਪਵਿੱਤਰ ਗੁਰਧਾਮਾਂ ਨੂੰ ਆਜ਼ਾਦ ਕਰਵਾਉਣ ਹਿੱਤ ਭਾਈ ਲਛਮਣ ਸਿੰਘ ਜੀ ਅਤੇ ਉਨ੍ਹਾਂ ਦੇ ਨਾਲ 150 ਤੋਂ ਵੱਧ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਸਨ। ਇਹ ਸਾਕਾ ਜਿਥੇ ਸਿੱਖ ਇਤਿਹਾਸ ਵਿਚ ਖ਼ੂਨ ਦੇ ਅੱਖਰਾਂ ਨਾਲ ਲਿਖਿਆ ਗਿਆ ਹੈ, ਉਥੇ ਭ੍ਰਿਸ਼ਟ ਮਸੰਦਾਂ ਕੋਲੋਂ ਗੁਰਧਾਮਾਂ ਨੂੰ ਆਜ਼ਾਦ ਕਰਵਾਉਣ ਦੀ ਲਹਿਰ ਦਾ ਸਿਰਾ ਹੋ ਨਿਬੜਿਆ।*

*ਭਾਈ ਲਛਮਣ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਸ਼ਾਂਤਮਈ ਤਰੀਕੇ ਨਾਲ ਮਹੰਤ ਨਰੈਣੂ ਕੋਲ ਇਹ ਰੋਸ ਦਰਜ ਕਰਵਾਉਣ ਗਏ ਸਨ ਕਿ ਗੁਰੂ ਘਰਾਂ ਦੇ ਅੰਦਰ ਨਰੈਣ ਦਾਸ ਮਹੰਤ ਦੇ ਕਰਿੰਦੇ ਮਸੰਦਾਂ ਦੇ ਕੁਕਰਮ, ਸ਼ਰਾਬਾਂ ਪੀਣੀਆਂ, ਧੀਆਂ-ਭੈਣਾਂ ਦੇ ਨਾਲ ਦੁਰਵਿਹਾਰ ਵਰਗੀਆਂ ਘਟਨਾਵਾਂ ਨੂੰ ਸਿੱਖ ਸੰਗਤਾਂ ਕਦੇ ਵੀ ਬਰਦਾਸ਼ਤ ਨਹੀਂ ਕਰਨਗੀਆਂ ਪਰ ਅੱਗੋਂ ਗੁਰੂ ਘਰ ਦਾ ਧਨ ਖਾ ਕੇ ਬੁੱਧਭ੍ਰਿਸ਼ਟ ਹੋ ਚੁੱਕੇ ਘੁਮੰਡੀ ਨਰੈਣੂ ਮਹੰਤ ਨੇ ਨਿਹੱਥੇ ਸਿੰਘਾਂ 'ਤੇ ਆਪਣੀ ਗੁੰਡਾ ਫ਼ੌਜ ਕੋਲੋਂ ਸਿੰਘਾਂ 'ਤੇ ਟਕੂਏ, ਛਵ੍ਹੀਆਂ, ਬਰਛਿਆਂ ਅਤੇ ਬੰਦੂਕਾਂ ਦੇ ਨਾਲ ਹਮਲਾ ਕਰਵਾ ਦਿੱਤਾ। ਸੈਂਕੜੇ ਸਿੰਘਾਂ ਨੂੰ ਗੁਰਦੁਆਰਾ ਸਾਹਿਬ ਦੇ ਅੰਦਰ ਬੰਦ ਕਰਕੇ ਜਿਊਂਦੇ ਸਾੜ ਦਿੱਤਾ ਗਿਆ ਅਨੇਕਾਂ ਨੂੰ ਜੰਡਾਂ ਨਾਲ ਬੰਨ੍ਹ ਕੇ ਸਾੜਿਆ ਗਿਆ। ਇਸ ਸਾਕੇ ਦੀ 21 ਫ਼ਰਵਰੀ ਨੂੰ ਮਨਾਈ ਜਾ ਰਹੀ ਵਰ੍ਹੇਗੰਢ ਮੌਕੇ ਪੇਸ਼ ਹੈ ਸਿੱਖ ਇਤਿਹਾਸ ਦੀ ਖ਼ੂਨ ਨਾਲ ਲਿਖੀ ਉਸ ਤਵਾਰੀਖ਼ 'ਤੇ ਝਾਤ ਪਾਉਂਦਾ ਮਜ਼ਮੂਨ।*

*ਸੰਪਾਦਕ*

# ਸਾਕਾ ਨਨਕਾਣਾ ਸਾਹਿਬ

■ ਗਿਆਨੀ ਪ੍ਰਤਾਪ ਸਿੰਘ

ਗੁਰਦੁਆਰਾ ਸੁਧਾਰ ਲਹਿਰ ਵਿਚ ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਨਿਸ਼ਕਾਮ ਕੁਰਬਾਨੀ ਤੇ ਆਪਾ ਵਾਰਨ ਦੀ ਅਦੁੱਤੀ ਮਿਸਾਲ ਹੈ। ਇਸ ਨੇ ਸਾਰੀ ਸਿੱਖ ਕੌਮ ਨੂੰ ਇਕ ਹਲੂਣਾ ਦੇ ਦਿੱਤਾ।

ਜਗਤ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਜਨਮ ਅਸਥਾਨ ਦੀ ਸੇਵਾ ਸਿਖ ਰਾਜ ਤੋਂ ਉਦਾਸੀ ਸਾਧੂ ਕਰਦੇ ਆਏ ਸਨ। ਉਦਾਸੀ ਸਿਖੀ ਦੇ ਪ੍ਰਚਾਰਕ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੋਂ 'ਉਦਾਸੀ' ਸ਼ਬਦ ਪ੍ਰਚਲਿਤ ਹੋਇਆ। ਇਹ ਬਾਬਾ ਸ੍ਰੀ ਚੰਦ ਜੀ ਨੂੰ ਆਪਣੇ ਮੁਖੀ ਮੰਨਦੇ ਹਨ। ਬਾਬਾ ਜੀ ਤਿਆਗੀ ਤੇ ਬੀਰ ਰਾਗ ਪੁਰਸ਼ ਸਨ। ਉਨ੍ਹਾਂ ਨੇ ਛੇਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਕਤ ਆਪਣੇ ਗੁੱਸੇ-ਗਿਲੇ ਮਿਟਾ ਕੇ ਟਿੱਕਾ ਗੁਰਦਿੱਤਾ ਜੀ ਨੂੰ ਆਪਣੀ ਸੇਲੀ ਟੋਪੀ ਦੇ ਦਿੱਤੀ। ਟਿੱਕਾ ਜੀ ਤੋਂ ਅੱਗੇ ਬਾਲੂ, ਹਸਨਾ, ਫੂਲ, ਗੋਂਦਾ ਅਤੇ ਅਲਮਸਤ ਮੁਖੀ ਉਦਾਸੀ ਹੋਏ। ਇਨ੍ਹਾਂ ਨੂੰ ਛੇਵੀਂ, ਸੱਤਵੀਂ, ਨੌਵੀਂ ਅਤੇ ਦਸਵੀਂ ਪਾਤਿਸ਼ਾਹੀ ਦੀਆਂ ਕਈ ਬਖ਼ਸ਼ਿਸ਼ਾਂ ਹੋਈਆਂ। ਇਸ ਲਈ ਉਦਾਸੀਆਂ ਦੇ ਚਾਰ ਧੂੰਏ ਤੇ ਛੇ ਬਖ਼ਸ਼ਿਸ਼ਾਂ ਪ੍ਰਸਿੱਧ ਹਨ। ਉਦਾਸੀ ਸਿੱਖ ਧਰਮ ਦੇ ਪ੍ਰਚਾਰਕ, ਦਸ ਗੁਰੂ ਸਾਹਿਬਾਨ ਨੂੰ ਆਪਣਾ ਗੁਰੂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਇਸ਼ਟ ਮੰਨਦੇ ਤੇ ਪੂਜਦੇ ਸਨ। ਮਹਾਤਮਾ ਸੰਤੋਸ਼ ਦਾਸ, ਪ੍ਰੀਤਮ ਦਾਸ ਆਦਿਕਾ ਨੇ ਸ੍ਰੀ ਦਰਬਾਰ ਸਾਹਿਬ ਦੀ ਹੰਸਲੀ ਦੀ ਸੇਵਾ ਕੀਤੀ। ਉਦਾਸੀਆਂ ਨੇ ਦੇਸ ਦੇਸਾਂਤਰਾਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਇਕ ਵਾਰ ਮਹਾਰਾਜਾ ਰਣਜੀਤ ਸਿੰਘ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਗਏ। ਉਨ੍ਹਾਂ ਦੇ ਨਾਲ ਬਾਬਾ ਸਾਹਿਬ ਸਿੰਘ ਜੀ ਬੇਦੀ ਵੀ ਸਨ। ਮਹਾਰਾਜਾ ਨੇ ਉਨ੍ਹਾਂ ਕੋਲੋਂ ਪੁੱਛਿਆ, "ਦੱਸੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਦੀ ਕੀ ਸੇਵਾ ਕੀਤੀ ਜਾਵੇ?"

ਬਾਬਾ ਜੀ ਬੋਲੇ, "ਗੁਰਦੁਆਰਾ ਸਾਹਿਬ ਦੀ ਸੇਵਾ ਤੇ ਲੰਗਰ ਲਈ ਜ਼ਮੀਨ ਲਾਉਣੀ ਚਾਹੀਦੀ ਹੈ।" ਮਹਾਰਾਜੇ ਨੇ ਕਿਹਾ, "ਜਿੰਨੀ ਥਾਂ ਵਿਚ ਆਪ ਘੋੜਾ ਫੇਰ ਦਿਉਗੇ, ਓਨੀ ਜ਼ਮੀਨ ਜਨਮ ਅਸਥਾਨ ਸਾਹਿਬ ਦੇ ਨਾਂਅ ਲਗਾ ਦਿੱਤੀ ਜਾਵੇਗੀ।" ਬਾਬਾ ਜੀ ਨੇ ਘੋੜਾ ਫ਼ੇਰਿਆ। ਮਹਾਰਾਜੇ ਨੇ ਉਤਨੀ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂਅ ਲਗਵਾ ਦਿੱਤੀ। ਨਹਿਰ ਪੈਣ ਕਰਕੇ ਜ਼ਮੀਨ ਦੀ ਆਮਦਨੀ ਵਧ ਗਈ। ਆਮਦਨੀ ਵਧਣ ਤੇ ਮਹੰਤ ਗੁਰੂ-ਘਰ ਦੀ

ਆਮਦਨੀ ਨੂੰ ਆਪਣੀ ਐਸ਼ੋ-ਇਸ਼ਰਤ ਅਤੇ ਐਯਾਸ਼ੀ 'ਤੇ ਉਡਾਉਣ ਲੱਗੇ। ਉਹ ਗੁਰੂ ਘਰ ਦੇ ਧਨ ਨਾਲ ਮਾੜੇ ਕੰਮ ਕਰਦੇ ਅਤੇ ਸ਼ਰਾਬੀ-ਕਬਾਬੀ ਬਣ ਗਏ। ਉਹ ਆਚਰਨਹੀਣ ਹੋ ਗਏ ਅਤੇ ਪ੍ਰਮੇਸ਼ਰ ਦਾ ਡਰ ਉਨ੍ਹਾਂ ਨੂੰ ਭੁੱਲ ਗਿਆ।

ਸ੍ਰੀ ਨਨਕਾਣਾ ਸਾਹਿਬ ਦਾ ਮਹੰਤ ਸਾਧੂ ਰਾਮ ਬੜਾ ਸ਼ਰਾਬੀ-ਕਬਾਬੀ ਸੀ। ਉਹ ਐਯਾਸ਼ੀ ਕਰਕੇ ਭਿਆਨਕ ਰੋਗਾਂ ਦਾ ਸ਼ਿਕਾਰ ਹੋ ਗਿਆ। ਸਾਧੂ ਰਾਮ ਦੀ ਮੌਤ ਤੋਂ ਬਾਅਦ ਕਿਸ਼ਨ ਦਾਸ ਮਹੰਤ ਬਣਿਆ। ਉਹ ਵੀ ਘੱਟ ਨਹੀਂ ਸੀ। ਉਸ ਨੇ ਇਕ ਵੇਸਵਾ ਦੇ ਨਾਲ ਵਿਆਹ ਕਰ ਲਿਆ, ਜਿਸ 'ਚੋਂ ਇਕ ਪੁੱਤਰ ਦਾ ਜਨਮ ਹੋਇਆ। ਉਸ ਨੇ ਆਪਣੇ ਭਤੀਜੇ ਦੇ ਵਿਆਹ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਕੋਲ ਕੰਜਰੀਆਂ ਦਾ ਨਾਚ ਕਰਵਾਇਆ। ਮਹੰਤ ਨੇ ਆਪ ਸ਼ਰਾਬ ਪੀਤੀ ਹੋਈ ਸੀ। ਉਹ ਵੀ ਭਿਆਨਕ ਰੋਗੀ ਸੀ। ਲਾਹੌਰ ਵਿਚ ਕਿਸ਼ਨ ਦਾਸ ਦੀ ਮੌਤ ਹੋ ਗਈ। ਉਸ ਦੀ ਥਾਂ ਨਰੈਣ ਦਾਸ ਮਹੰਤ ਬਣ ਗਿਆ। ਇਸ ਨੇ ਸੰਗਤ ਦੇ ਕਹਿਣ 'ਤੇ ਇਕ ਮੈਜਿਸਟ੍ਰੇਟ ਦੇ ਸਾਹਮਣੇ ਇਕਬਾਲ ਕੀਤਾ ਸੀ ਕਿ ਜੋ ਮਾੜੇ ਕੰਮ ਮਹੰਤ ਕਿਸ਼ਨ ਦਾਸ ਕਰਦਾ ਸੀ, ਉਹ ਨਹੀਂ ਕਰੇਗਾ। ਪਰ ਕੁਝ ਚਿਰ ਪਿੱਛੋਂ ਨਰੈਣ ਦਾਸ ਵੀ ਉਸੇ ਤਰ੍ਹਾਂ ਐਯਾਸ਼ੀ ਅਤੇ ਗੁਰੂ-ਘਰ ਦੇ ਧਨ ਦੀ ਦੁਰਵਰਤੋਂ ਕਰਨ ਲੱਗਾ।

ਮਹੰਤ ਨਰੈਣ ਦਾਸ ਨੇ ਇਕ ਮੁਸਲਮਾਨ ਮਿਰਾਸਣ ਰੱਖੀ ਹੋਈ ਸੀ, ਜਿਸ ਤੋਂ ਦੋ ਪੁੱਤਰ ਤੇ ਦੋ ਧੀਆਂ ਸਨ। ਇਨ੍ਹਾਂ ਦੀ ਰਿਹਾਇਸ਼ ਲਈ ਮਹੰਤ ਨੇ ਵੱਖਰੇ ਮਕਾਨ ਬਣਾ ਕੇ ਦਿੱਤੇ ਹੋਏ ਸਨ। ਇਕ ਸ੍ਰੀ ਨਨਕਾਣਾ ਸਾਹਿਬ ਵਿਚ ਸੀ ਤੇ ਦੂਜਾ ਘਰ ਰਾਮਗਲੀ ਲਾਹੌਰ ਵਿਚ ਸੀ। ਅਗਸਤ 1917 ਵਿਚ ਜਦੋਂ ਮਹੰਤ ਨੇ ਜਨਮ ਅਸਥਾਨ ਦੇ ਪਾਸ ਕੰਜਰੀਆਂ ਦਾ ਨਾਚ ਕਰਾਇਆ, ਇਸ ਦੇ ਵਿਰੁੱਧ ਸਿੱਖ ਅਖ਼ਬਾਰਾਂ ਨੇ ਲਿਖਿਆ, ਸਿੰਘ ਸਭਾਵਾਂ ਨੇ ਮਤੇ ਪਾਸ ਕੀਤੇ, ਜਿਨ੍ਹਾਂ ਵਿਚ ਸਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਮਹੰਤ ਨੂੰ ਹਟਾ ਦੇਵੇ। ਪਰ ਕੌਣ ਸੁਣਦਾ ਸੀ ? 1918 ਵਿਚ ਇਕ ਸੇਵਾਮੁਕਤ ਸਿੰਧੀ ਈ.ਏ.ਸੀ. ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਲਈ ਆਇਆ। ਇਕ ਪੁਜਾਰੀ ਨੇ ਉਸ ਦੀ 13 ਸਾਲ ਦੀ ਧੀ ਚੁੱਕ ਲਈ। ਪਰ ਮਹੰਤ ਨੇ ਉਸ ਪੁਜਾਰੀ ਦੇ ਵਿਰੁੱਧ ਕੋਈ ਕਾਰਵਾਈ ਨਾ ਕੀਤੀ। ਇਸੇ ਸਾਲ ਇਕ ਪੂਰਨਮਾਸ਼ੀ 'ਤੇ ਜੜ੍ਹਾਂ ਵਾਲੇ ਇਲਾਕੇ ਦੀਆਂ 6 ਇਸਤ੍ਰੀਆਂ ਜਨਮ ਅਸਥਾਨ ਦੇ ਦਰਸ਼ਨ ਕਰਨ ਆਈਆਂ। ਪੁਜਾਰੀਆਂ ਨੇ ਉਨ੍ਹਾਂ ਨੂੰ ਲੁਕਾ ਲਿਆ ਅਤੇ ਉਨ੍ਹਾਂ ਦੇ ਨਾਲ ਕੁਕਰਮ ਕੀਤਾ।

ਅਕਤੂਬਰ, 1920 ਵਿਚ ਪਿੰਡ ਧਾਰੋਵਾਲੀ, ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਇਕ ਦੀਵਾਨ ਹੋਇਆ, ਜਿਸ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਲਈ ਗੁਰਮਤਾ ਪਾਸ ਕੀਤਾ ਗਿਆ।

ਮਹੰਤ ਨੇ ਆਪਣਾ ਸੁਧਾਰ ਕਰਨ ਦੀ ਥਾਂ ਉਪਦ੍ਰਵ ਕਰਨ ਦੀ ਤਿਆਰੀ ਕਰ ਲਈ। ਉਹ ਰੋਜ਼ ਆਪਣੇ ਪਿੰਡਾਂ ਵਿਚੋਂ 400 ਆਦਮੀ ਰਾਖੀ ਲਈ ਸੱਦ ਲੈਂਦਾ ਸੀ। ਬਾਬਾ ਕਰਤਾਰ ਸਿੰਘ ਬੇਦੀ ਨਾਲ ਸਲਾਹ-ਮਸ਼ਵਰਾ ਕਰਕੇ ਮਹੰਤ ਨਰੈਣ ਦਾਸ ਨੇ ਸ੍ਰੀ ਨਨਕਾਣਾ ਸਾਹਿਬ ਵਿਚ ਸਾਧਾਂ ਤੇ ਮਹੰਤਾਂ ਦੀ ਇਕ ਇਕੱਤਰਤਾ ਬੁਲਾਈ, ਜਿਸ ਵਿਚ 60 ਆਦਮੀ ਸ਼ਾਮਲ ਹੋਏ। ਇਸ ਵਿਚ ਸੁਧਾਰਕਾਂ ਦਾ ਟਾਕਰਾ ਕਰਨ ਲਈ ਇਕ ਕਮੇਟੀ ਬਣਾਈ ਗਈ। ਪ੍ਰਧਾਨ ਮਹੰਤ ਨਰੈਣ ਦਾਸ ਤੇ ਸਕੱਤਰ ਮਹੰਤ ਬਸੰਤ ਦਾਸ ਬਣਿਆ। ਤਕਰੀਬਨ 60 ਹਜ਼ਾਰ ਰੁਪਏ ਇਕੱਤਰ ਕੀਤਾ ਗਿਆ ਤੇ ਲਾਹੌਰ ਤੋਂ 'ਸੰਤ ਸੇਵਕ' ਅਖ਼ਬਾਰ ਜਾਰੀ ਕਰਨ ਦਾ ਫ਼ੈਸਲਾ ਕੀਤਾ ਗਿਆ।

ਕੱਤਕ ਦੀ ਪੂਰਨਮਾਸ਼ੀ 1920 ਈਸਵੀ ਦੇ ਮੇਲੇ 'ਤੇ ਨਰੈਣ ਦਾਸ ਨੇ ਆਪਣੇ ਚਾਰ-ਪੰਜ ਸੌ ਆਦਮੀਆਂ ਦਾ ਮੁਜ਼ਾਹਰਾ ਕੀਤਾ। ਜਿਸ ਆਮ ਸ਼ਰਧਾਲੂ ਉਤੇ ਵੀ ਅਕਾਲੀ ਹੋਣ ਦਾ ਸ਼ੱਕ ਪੈਂਦਾ, ਉਸ ਨੂੰ ਜਨਮ ਅਸਥਾਨ 'ਤੇ ਜਾਣ ਤੋਂ ਰੋਕ ਦਿੱਤਾ ਜਾਂਦਾ। ਮਹੰਤ ਨੇ ਮਹਾਰਾਜਾ ਪਟਿਆਲਾ ਤੇ ਕਮਿਸ਼ਨਰ ਲਾਹੌਰ ਪਾਸੋਂ ਸਹਾਇਤਾ ਮੰਗੀ ਪਰ ਉਨ੍ਹਾਂ ਨੇ ਉਸ ਨੂੰ ਕੋਈ ਭਰੋਸਾ ਨਾ ਦਿਵਾਇਆ। 23 ਜਨਵਰੀ ਤੇ 6 ਫ਼ਰਵਰੀ, 1921 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ਼੍ਰੋਮਣੀ ਕਮੇਟੀ ਦੇ ਸਮਾਗਮ ਹੋਏ, ਜਿਨ੍ਹਾਂ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਪੁਰ ਵਿਚਾਰ ਹੋਈ। ਉਸ ਵਕਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਰਦਾਰ ਸੁੰਦਰ ਸਿੰਘ ਰਾਮਗੜ੍ਹੀਆ ਤੇ ਮੀਤ ਪ੍ਰਧਾਨ ਸਰਦਾਰ ਹਰਬੰਸ ਸਿੰਘ ਅਟਾਰੀ ਸਨ। ਕਮੇਟੀ ਵਲੋਂ ਮਹੰਤ ਦੇ ਨਾਂਅ ਇਕ ਖੁੱਲ੍ਹੀ ਚਿੱਠੀ ਲਿਖੀ ਗਈ ਕਿ ਉਹ ਆਪਣੇ ਆਚਰਣ ਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸੁਧਾਰੇ। ਭਾਈ ਲਛਮਣ ਸਿੰਘ, ਸਰਦਾਰ ਦਲੀਪ ਸਿੰਘ, ਸਰਦਾਰ ਤੇਜਾ ਸਿੰਘ ਸਮੁੰਦਰੀ, ਭਾਈ ਕਰਤਾਰ ਸਿੰਘ ਝੱਬਰ ਅਤੇ ਸਰਦਾਰ ਬਖ਼ਸ਼ੀਸ਼ ਸਿੰਘ ਦੀ ਇਕ ਕਮੇਟੀ ਬਣਾਈ ਗਈ, ਜੋ ਸ੍ਰੀ ਨਨਕਾਣਾ ਸਾਹਿਬ ਵਿਚ ਦੀਵਾਨ ਤੇ ਲੰਗਰ ਦਾ ਪ੍ਰਬੰਧ ਕਰੇ।

ਸਾਰੇ ਪੰਥ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਲਈ ਜੋਸ਼ ਸੀ। ਜ਼ਿਲ੍ਹਾ ਸ਼ੇਖ਼ੂਪੁਰਾ ਤੇ ਲਾਇਲਪੁਰ ਵਿਚ ਦੀਵਾਨ ਕੀਤੇ ਗਏ। ਭਾਈ ਲਛਮਣ ਸਿੰਘ ਸ਼ਹੀਦ ਨੇ ਜਥਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ। 17 ਫ਼ਰਵਰੀ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਗੁਰਦੁਆਰੇ ਵਿਚ ਮੁਖੀ ਸਿੰਘਾਂ ਦੀ ਇਕੱਤਰਤਾ ਹੋਈ। ਉਸ ਵਿਚ ਜਥਾ ਲਿਜਾਉਣ ਬਾਰੇ ਵਿਚਾਰ ਕੀਤਾ ਗਿਆ। ਭਾਈ ਲਛਮਣ ਸਿੰਘ, ਮਾਸਟਰ ਤਾਰਾ ਸਿੰਘ, ਸਰਦਾਰ ਤੇਜਾ ਸਿੰਘ ਸਮੁੰਦਰੀ, ਭਾਈ ਕਰਤਾਰ ਸਿੰਘ ਝੱਬਰ, ਸਰਦਾਰ ਤੇਜਾ ਸਿੰਘ ਚੂਹੜਕਾਣਾ, ਸਰਦਾਰ ਸੁੱਚਾ ਸਿੰਘ ਜੈਚਕ, ਭਾਈ ਬੂਟਾ ਸਿੰਘ ਚੱਕ 204, ਸਰਦਾਰ ਰਾਜਾ ਸਿੰਘ ਜੜ੍ਹਾਂ ਵਾਲਾ ਸਾਰੀ ਤਹਿਰੀਕ ਨੂੰ ਚਲਾ ਰਹੇ ਸਨ।

ਮਹੰਤ ਨਰੈਣ ਦਾਸ ਨੇ 7 ਫ਼ਰਵਰੀ ਨੂੰ ਇਕ ਇਕੱਤਰਤਾ ਬੁਲਾਈ, ਜਿਸ ਵਿਚ ਆਪਣੇ ਹਮਾਇਤੀ ਇਕੱਠੇ ਕੀਤੇ। ਇਨ੍ਹਾਂ ਵਿਚ ਭੱਟੀ ਮੁਸਲਮਾਨ ਵੀ ਸਨ। ਬਾਬਾ ਕਰਤਾਰ ਸਿੰਘ ਬੇਦੀ ਤੇ ਮੰਗਲ ਸਿੰਘ ਕੂਕਾ ਇਸ ਵਿਚ ਸ਼ਾਮਲ ਸਨ। ਮਹੰਤ ਨੇ ਬੇਦੀ ਕਰਤਾਰ ਸਿੰਘ ਨਾਲ ਗੱਲਬਾਤ ਕਰਨ ਲਈ ਸ਼ੇਖ਼ੂਪੁਰੇ ਵਿਚ ਪੁੱਜਣ ਲਈ 14 ਫ਼ਰਵਰੀ ਤਾਰੀਖ਼ ਨਿਯਤ ਕੀਤੀ ਪਰ ਉਹ ਆਪ ਨਾ ਪੁੱਜਾ, ਉਸ ਨੇ ਮਹੰਤ ਜੀਵਨ ਦਾਸ ਨੂੰ ਭੇਜ ਦਿੱਤਾ। ਸਿੰਘਾਂ ਨੇ 19 ਫ਼ਰਵਰੀ ਨੂੰ ਸ੍ਰੀ ਨਨਕਾਣਾ ਸਾਹਿਬ ਪੁੱਜਣ ਦਾ ਫ਼ੈਸਲਾ ਕੀਤਾ ਸੀ। ਮਹੰਤ ਨੇ ਇਨ੍ਹਾਂ ਦਿਨਾਂ ਵਿਚ ਇਕ ਕਾਨਫਰੰਸ ਵੀ ਬਾਬਾ ਕਰਤਾਰ ਸਿੰਘ ਦੀ ਪ੍ਰਧਾਨਗੀ ਹੇਠ ਲਾਹੌਰ ਵਿਚ ਬੁਲਾਈ। ਉਹ ਸਿੰਘਾਂ ਨੂੰ ਕਤਲ ਕਰਨ ਦੀ ਤਿਆਰੀ ਕਰਨ ਲੱਗ ਪਿਆ। ਉਸ ਨੇ 14 ਪੀਪੇ ਮਿੱਟੀ ਦੇ ਤੇਲ ਦੇ ਤੇ ਪੰਜਾਹ ਮਣ ਲੱਕੜਾਂ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਰਖਵਾ ਦਿੱਤੀਆਂ।

'ਅਕਾਲੀ' ਅਖ਼ਬਾਰ ਦੇ ਦਫ਼ਤਰ ਵਿਚ ਮੁਖੀਆਂ ਦੀ ਇਕ ਇਕੱਤਰਤਾ ਹੋਈ, ਜਿਸ ਵਿਚ ਹਾਲਾਤ 'ਤੇ ਵਿਚਾਰ ਕੀਤੀ ਗਈ। ਇਸ ਵਿਚ ਫ਼ੈਸਲਾ ਕੀਤਾ ਗਿਆ ਕਿ ਅੰਤਮ ਦਿਨ ਨਿਯਮ ਕੀਤੇ ਬਿਨ੍ਹਾਂ ਕੋਈ ਜਥਾ ਸ੍ਰੀ ਨਨਕਾਣਾ

ਸਿੰਘਾਂ ਨੇ 19 ਫ਼ਰਵਰੀ ਨੂੰ ਸ੍ਰੀ ਨਨਕਾਣਾ ਸਾਹਿਬ ਪੁੱਜਣ ਦਾ ਫ਼ੈਸਲਾ ਕੀਤਾ ਸੀ। ਮਹੰਤ ਨੇ ਇਨ੍ਹਾਂ ਦਿਨਾਂ ਵਿਚ ਇਕ ਕਾਨਫਰੰਸ ਵੀ ਬਾਬਾ ਕਰਤਾਰ ਸਿੰਘ ਦੀ ਪ੍ਰਧਾਨਗੀ ਹੇਠ ਲਾਹੌਰ ਵਿਚ ਬੁਲਾਈ। ਉਹ ਸਿੰਘਾਂ ਨੂੰ ਕਤਲ ਕਰਨ ਦੀ ਤਿਆਰੀ ਕਰਨ ਲੱਗ ਪਿਆ। ਉਸ ਨੇ 14 ਪੀਪੇ ਮਿੱਟੀ ਦੇ ਤੇਲ ਦੇ ਤੇ ਪੰਜਾਹ ਮਣ ਲੱਕੜਾਂ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਰਖਵਾ ਦਿੱਤੀਆਂ।

ਸਾਹਿਬ ਨਾ ਜਾਵੇ।

ਭਾਈ ਕਰਤਾਰ ਸਿੰਘ ਝੱਬਰ ਤੇ ਸਰਦਾਰ ਲਛਮਣ ਸਿੰਘ ਧਾਰੋਵਾਲੀ ਆਪੋ-ਆਪਣੇ ਜਥੇ ਲੈ ਕੇ ਸ੍ਰੀ ਨਨਕਾਣਾ ਸਾਹਿਬ ਪੁੱਜਣਾ ਚਾਹੁੰਦੇ ਸਨ। ਭਾਈ ਕਰਤਾਰ ਸਿੰਘ ਨੂੰ ਰੋਕਣ ਲਈ ਇਕ ਆਦਮੀ ਖਰੇ ਸੌਦੇ ਗਿਆ। ਭਾਈ ਲਛਮਣ ਸਿੰਘ ਜੀ 19 ਫ਼ਰਵਰੀ ਦੀ ਸ਼ਾਮ ਨੂੰ ਜਥਾ ਲੈ ਕੇ ਪਿੰਡੋਂ ਚੱਲ ਪਏ। ਭਾਈ ਕਰਤਾਰ ਸਿੰਘ ਚੰਦਰ ਕੋਟ ਦੀ ਝਾਲ 'ਤੇ ਪੁੱਜੇ। ਦੋਵੇਂ ਜਥੇ ਆਪਸ ਵਿਚ ਮਿਲ ਨਾ ਸਕੇ। ਭਾਈ ਲਛਮਣ ਸਿੰਘ ਨੂੰ ਰੋਕਣ ਲਈ ਗਏ ਭਾਈ ਸਾਹਿਬ ਜੀ ਦੇ ਨਾਲ ਦੋ ਸੌ ਸਿੰਘ ਸਨ। ਛੇ ਵਜੇ ਸਵੇਰੇ ਉਹ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ। 'ਗੁਰਦੁਆਰਾ ਸੁਧਾਰ ਲਹਿਰ' ਵਿਚ ਜਥੇ ਦੀ ਗਿਣਤੀ 140 ਲਿਖੀ ਹੈ। 'ਸ਼ਹੀਦੀ ਜੀਵਨ' ਤੋਂ ਸਿੱਧ ਹੁੰਦਾ ਹੈ ਕਿ ਸਾਰੇ ਸਿੰਘ ਚਾਰ ਜਥਿਆਂ ਦੀ ਸ਼ਕਲ ਵਿਚ ਸਨ। ਇਹ ਜਨਮ ਅਸਥਾਨ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਲਈ ਗਏ। ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਗਏ।

ਮਹੰਤ ਨਰੈਣ ਦਾਸ ਨੇ ਕਤਲੇਆਮ ਦੀ ਤਿਆਰੀ ਕੀਤੀ ਹੋਈ ਸੀ। ਤੇਲ ਦੇ ਪੀਪੇ, ਲੱਕੜਾਂ, ਛਵ੍ਹੀਆਂ, ਗੰਡਾਸੇ ਤੇ ਕਾਰਤੂਸ ਮੰਗਾਏ ਹੋਏ ਸਨ। ਜਦ ਜਥਾ ਜਨਮ ਅਸਥਾਨ ਵਿਚ ਦਾਖ਼ਲ ਹੋਇਆ, ਕਾਤਲਾਂ ਨੇ ਸਿੰਘਾਂ 'ਤੇ ਵਾਰ ਸ਼ੁਰੂ ਕਰ ਦਿੱਤੇ। ਛੱਤ ਦੇ ਉਪਰੋਂ ਗੋਲੀਆਂ ਚਲਾਈਆਂ ਗਈਆਂ। ਹਰੀ ਦਾਸ ਜੋਗੀ, ਗੁਰਮੁਖ ਦਾਸ, ਲਧੇ, ਰਾਂਝੇ, ਸ਼ੇਰ ਦਾਸ ਆਦਿਕ ਕਾਤਲਾਂ ਨੇ ਸ਼ਾਂਤਮਈ ਸਿੰਘਾਂ ਨੂੰ ਗੋਲੀਆਂ ਨਾਲ ਵਿੰਨ੍ਹ ਦਿੱਤਾ। ਛਵ੍ਹੀਆਂ ਤੇ ਗੰਡਾਸਿਆਂ ਨਾਲ ਸ਼ਹੀਦ ਕੀਤਾ। ਭਾਈ ਲਛਮਣ ਸਿੰਘ ਜੀ ਜਥੇਦਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਹੋਏ ਸਨ, ਉਨ੍ਹਾਂ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਕਈ ਗੋਲੀਆਂ ਲੱਗੀਆਂ। ਜਨਮ ਅਸਥਾਨ ਦੀ ਚੁਖੰਡੀ ਦੇ ਦਰਵਾਜ਼ਿਆਂ ਨੂੰ ਕੱਟਿਆ ਗਿਆ। ਸ਼ਹੀਦ ਸਿੰਘਾਂ ਨੂੰ ਅੰਦਰ ਤੇਲ ਪਾ ਕੇ ਫੂਕ ਦਿੱਤਾ ਗਿਆ। ਬਾਹਰ ਜੰਡਾਂ ਨਾਲ ਬੰਨ੍ਹ ਕੇ ਜਿਊਂਦੇ ਸਾੜ ਦਿੱਤਾ ਗਿਆ।

ਸਰਦਾਰ ਦਲੀਪ ਸਿੰਘ ਜੀ ਸ਼ਹੀਦ, ਸਰਦਾਰ ਉਤਮ ਸਿੰਘ ਦੇ ਕਾਰਖ਼ਾਨੇ ਵਿਚ ਸਨ। ਉਨ੍ਹਾਂ ਨੇ ਜਨਮ ਅਸਥਾਨ ਵਿਚ ਗੋਲੀਆਂ ਚੱਲਣ ਦੀ ਆਵਾਜ਼ ਸੁਣੀ। ਉਹ ਗੁਰੂ-ਪਿਆਰ ਵਿਚ ਜਨਮ ਅਸਥਾਨ ਵੱਲ ਤੁਰ ਪਏ। ਜਦ ਸਰਦਾਰ ਜੀ ਜਨਮ ਅਸਥਾਨ ਦੇ ਨੇੜੇ ਪੁੱਜੇ, ਪਾਪੀਆਂ ਨੇ ਛਵ੍ਹੀਆਂ ਮਾਰ ਕੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੇ ਬਾਹਰ ਆਵੀ ਦੇ ਪਾਸ ਸ਼ਹੀਦ ਕਰ ਦਿੱਤਾ। 2300 ਰੁਪਏ ਦੇ ਨੋਟ ਉਨ੍ਹਾਂ ਦੀ ਜੇਬ੍ਹ ਵਿਚੋਂ ਨਿਕਲੇ। ਇਸ ਤਰ੍ਹਾਂ ਸ਼ਹੀਦ ਸਿੰਘਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ 'ਤੇ ਹੋ ਰਹੇ ਗੁਨਾਹਾਂ ਨੂੰ ਆਪਣੇ ਲਹੂ ਦੇ ਨਾਲ ਧੋਤਾ।

ਇਹ ਸਾਕਾ ਮਿਤੀ 10 ਫ਼ੱਗਣ, ਸੰਮਤ, 1977 ਬਿਕਰਮੀ, ਮੁਤਾਬਕ 21 ਫ਼ਰਵਰੀ, 1921 ਈਸਵੀ ਐਤਵਾਰ ਦੇ ਦਿਨ ਹੋਇਆ। ਸਰਦਾਰ ਉਤਮ ਸਿੰਘ ਜੀ ਕਾਰਖ਼ਾਨੇ ਵਾਲਿਆਂ ਨੇ ਇਸ ਸਾਕੇ ਸਬੰਧੀ ਪੰਥਕ ਜਥੇਬੰਦੀਆਂ ਤੇ ਸਰਕਾਰੀ ਅਫ਼ਸਰਾਂ ਨੂੰ ਤਾਰਾਂ ਘੱਲ ਦਿੱਤੀਆਂ। ਡਿਪਟੀ ਕਮਿਸ਼ਨਰ ਨਨਕਾਣਾ ਸਾਹਿਬ ਵਿਖੇ ਪੁੱਜ ਗਿਆ। ਫ਼ਰਵਰੀ ਨੂੰ ਸਰਦਾਰ ਹਰਬੰਸ ਸਿੰਘ ਅਟਾਰੀ, ਪ੍ਰੋ. ਜੋਧ ਸਿੰਘ, ਸਰਦਾਰ ਮਹਿਤਾਬ ਸਿੰਘ, ਸਰਦਾਰ ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ ਤੇ ਬਾਬਾ ਕੇਹਰ ਸਿੰਘ ਪੱਟੀ ਪੁੱਜੇ। ਭਾਈ ਕਰਤਾਰ ਸਿੰਘ ਝੱਬਰ ਜਥੇ ਸਮੇਤ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ ਸਨ। ਉਨ੍ਹਾਂ ਦਾ ਜਥਾ ਬਹੁਤ ਜੋਸ਼ ਵਿਚ ਸੀ। ਮਿਸਟਰ ਕਿੰਗ ਕਮਿਸ਼ਨਰ ਲਾਹੌਰ ਨੂੰ ਕਿਹਾ ਗਿਆ ਕਿ ਸ੍ਰੀ ਨਨਕਾਣਾ ਸਾਹਿਬ ਦੀਆਂ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦੇਵੇ। ਉਸ ਨੇ ਚਾਬੀਆਂ ਸਰਦਾਰ ਹਰਬੰਸ ਸਿੰਘ ਜੀ ਨੂੰ ਦੇ ਦਿੱਤੀਆਂ। ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਪੰਥ ਦੇ ਹੱਥ ਵਿਚ ਆ ਗਿਆ। 22 ਫ਼ਰਵਰੀ ਨੂੰ ਗਵਰਨਰ ਪੰਜਾਬ ਐਗਜ਼ੇਕਟਿਵ ਕੌਂਸਲ ਦੇ ਮੈਂਬਰਾਂ ਸਮੇਤ ਸ੍ਰੀ ਨਨਕਾਣਾ ਸਾਹਿਬ ਪੁੱਜੇ। ਗਵਰਨਰ ਨੇ ਇਸ ਸ਼ਹੀਦੀ ਸਾਕੇ ਦੇ ਹਾਲਾਤਾਂ ਨੂੰ ਅੱਖੀਂ ਨਾਲ ਦੇਖਿਆ। ਉਸ ਵਕਤ ਸੰਗਤ ਵਿਚ ਮਿਸਟਰ ਕਿੰਗ ਕਮਿਸ਼ਨਰ ਦੇ ਵਿਰੁੱਧ ਬੜਾ ਰੋਸ ਸੀ। ਲੋਕੀਂ ਕਹਿੰਦੇ ਸਨ, "ਇਹ ਕਾਰਾ ਕਿੰਗ ਨੇ ਵਰਤਾਇਆ ਹੈ। ਪੁਲਿਸ ਨੂੰ ਸਾਜ਼ਿਸ਼ ਦਾ ਪਤਾ ਸੀ।" ਇਸੇ ਦਿਨ ਸ਼ਾਮ ਨੂੰ ਸ਼ਹੀਦਾਂ ਦਾ ਅੰਤਮ ਸੰਸਕਾਰ ਕੀਤਾ ਗਿਆ। ਇਕ ਗੁਰਮਤੇ ਰਾਹੀਂ ਬਾਬਾ ਕਰਤਾਰ ਸਿੰਘ ਬੇਦੀ ਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ। ਬਾਅਦ ਵਿਚ ਉਨ੍ਹਾਂ ਨੇ ਭੁੱਲ ਲਈ ਪੰਥ ਕੋਲੋਂ ਮੁਆਫ਼ੀ ਮੰਗੀ।

ਸ੍ਰੀ ਨਨਕਾਣਾ ਸਾਹਿਬ ਵਿਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ ਬਾਰੇ ਮਤਭੇਦ ਹਨ। ਵੱਖ-ਵੱਖ ਇਤਿਹਾਸਕਾਰਾਂ ਅਨੁਸਾਰ ਸ਼ਹੀਦਾਂ ਗਿਣਤੀ 120, 150 ਅਤੇ 200 ਤੱਕ ਲਿਖੀ ਗਈ ਹੈ। ਸਰਦਾਰ ਚਰਨ ਸਿੰਘ ਇੰਸਪੈਕਟਰ ਪੁਲਿਸ ਨੇ ਪੜਤਾਲ ਕਰਕੇ ਸ਼ਹੀਦਾਂ ਦੀ ਗਿਣਤੀ 156 ਲਿਖੀ ਹੈ। ਸਰਕਾਰੀ ਰਿਪੋਰਟਾਂ ਵਿਚ ਗਿਣਤੀ 126 ਅਤੇ 130 ਦਿੱਤੀ ਹੈ। ਸ੍ਰੀ ਨਨਕਾਣਾ ਸਾਹਿਬ ਕਮੇਟੀ ਨੇ ਜਿਹੜਾ ਸ਼ਹੀਦੀ ਜੀਵਨ ਪ੍ਰਕਾਸ਼ਿਤ ਕੀਤਾ ਹੈ, ਉਸ ਵਿਚ ਦੋ ਸੌ ਸਿੰਘਾਂ ਦਾ ਜਥਾ ਮੰਨਿਆ ਗਿਆ ਹੈ, ਜਿਸ ਵਿਚੋਂ 86 ਸਿੰਘ ਸ਼ਹੀਦ ਹੋਏ ਦੱਸੇ ਹਨ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੀ ਖ਼ਬਰ ਸਾਰੇ ਪੰਥ ਤੇ ਦੇਸ਼ ਵਿਚ ਬੜੇ ਦੁੱਖ ਨਾਲ ਸੁਣੀ ਗਈ। ਹਜ਼ਾਰਾਂ ਲੋਕੀਂ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਚੱਲ ਪਏ। ਸਾਰੇ ਦੇਸ਼ ਵਿਚੋਂ ਸ਼੍ਰੋਮਣੀ ਕਮੇਟੀ ਨੂੰ ਹਮਦਰਦੀ ਦੀਆਂ ਤਾਰਾਂ ਪੁੱਜੀਆਂ। ਇਸ ਖ਼ਬਰ ਨੇ ਸਿੰਘਾਂ ਵਿਚ ਜੋਸ਼ ਦੀ ਅਗਨੀ ਪ੍ਰਚੰਡ ਕਰ ਦਿੱਤੀ। ਸਾਰੇ ਕੌਮੀ ਅਖ਼ਬਾਰਾਂ ਨੇ ਇਸ ਸਾਕੇ ਸਬੰਧੀ ਬੜੇ ਦਰਦਨਾਕ ਲੇਖ ਲਿਖੇ ਪਰ ਅੰਗਰੇਜ਼ਾਂ ਦੇ ਹਾਮੀ ਐਂਗਲੋ ਇੰਡੀਅਨ ਅਖ਼ਬਾਰਾਂ ਨੇ ਸਿੱਖਾਂ ਦੇ ਵਿਰੁੱਧ ਪ੍ਰਾਪੇਗੰਡਾ ਕੀਤਾ ਤੇ ਸ੍ਰੀ ਨਨਕਾਣਾ ਸਾਹਿਬ ਦੀ ਸ਼ਹੀਦੀ ਨੂੰ ਇਕ ਸੰਪਰਦਾਇਕ ਝਗੜਾ ਤੇ ਬਦਅਮਨੀ ਦੱਸਣ ਦਾ ਵਿਅਰਥ ਯਤਨ ਕੀਤਾ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਖ਼ਾਲਸਾ ਕਾਲਜ ਵਿਚ ਟੈਲੀਫ਼ੋਨ ਕੀਤਾ ਕਿ ਸ੍ਰੀ ਨਨਕਾਣਾ ਸਾਹਿਬ ਵਿਚ ਕੇਵਲ 20 ਸਿੰਘ ਮਾਰੇ ਗਏ। ਪਹਿਲੇ ਸਰਕਾਰੀ ਐਲਾਨ ਵਿਚ ਸ਼ਹੀਦ ਸਿੰਘਾਂ ਦੀ ਗਿਣਤੀ 67 ਦੱਸੀ ਗਈ ਤੇ ਇਕ ਹਫ਼ਤੇ ਪਿਛੋਂ 130 ਬਿਆਨ ਕੀਤੀ ਗਈ।

ਸਾਕਾ ਸ੍ਰੀ ਨਨਕਾਣਾ ਸਾਹਿਬ ਸਬੰਧੀ ਪੁਲਿਸ ਨੇ ਪੜਤਾਲ ਸ਼ੁਰੂ ਕੀਤੀ। ਉਸ ਵਿਚ ਸ਼੍ਰੋਮਣੀ ਕਮੇਟੀ ਨੇ ਹਰ ਪ੍ਰਕਾਰ ਪੁਲਿਸ ਦੀ ਇਮਦਾਦ ਕੀਤੀ ਪਰ ਕਮੇਟੀ ਨੂੰ ਪੁਲਿਸ ਦੇ ਰਵੱਈਏ ਤੋਂ ਸਖ਼ਤ ਨਿਰਾਸ਼ਤਾ ਹੋਈ, ਜਿਸ ਕਰਕੇ ਉਸ ਨੇ ਪੜਤਾਲ ਵਿਚ ਹਿੱਸਾ ਲੈਣਾ ਬੰਦ ਕਰ ਦਿੱਤਾ। ਕਈ ਸਰਕਾਰੀ ਗਵਾਹਾਂ ਨੇ ਸਾਕੇ ਸਬੰਧੀ ਮੈਜਿਸਟ੍ਰੇਟ ਦੇ ਸਾਹਮਣੇ ਦਿੱਤੇ ਹੋਏ ਬਿਆਨ ਬਦਲ ਲਏ।

ਸ਼੍ਰੋਮਣੀ ਕਮੇਟੀ ਨੇ 5 ਅਪ੍ਰੈਲ 1921 ਨੂੰ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਦਿਨ ਮਨਾਉਣ ਦਾ ਐਲਾਨ ਕੀਤਾ। ਸਾਰੇ ਪੰਥ ਨੇ ਇਹ ਦਿਨ ਬੜੇ ਸੋਗਮਈ ਅਤੇ ਜੋਸ਼ੀਲੇ ਤਰੀਕੇ ਨਾਲ ਮਨਾਇਆ। ਮਈ 1921 ਵਿਚ ਸ਼੍ਰੋਮਣੀ ਕਮੇਟੀ ਨੇ ਇਕ ਮਤਾ ਪਾਸ ਕਰਕੇ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ 15 ਨਵੰਬਰ 1921 ਅਰਥਾਤ ਕੱਤਕ ਦੀ ਪੂਰਨਮਾਸ਼ੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੱਕ ਸ਼ਹੀਦਾਂ ਦੀ ਯਾਦ ਵਿਚ ਕਾਲੇ ਦਸਤਾਰੇ ਸਜਾਉਣ। ਸ੍ਰੀ ਨਨਕਾਣਾ ਸਾਹਿਬ ਵਿਚ ਕਾਲੇ ਰੰਗ ਦੇ ਕੜਾਹੇ ਭਰੇ ਪਏ ਸਨ, ਜਿਹੜਾ ਸਿੱਖ ਦਰਸ਼ਨ ਕਰਨ ਲਈ ਜਾਂਦਾ ਸੀ, ਸੇਵਾਦਾਰ ਉਸ ਦੀ ਦਸਤਾਰ ਕਾਲੀ ਰੰਗ ਦਿੰਦੇ ਸਨ। ਉਸ ਦਿਨ ਤੋਂ ਕਾਲੀ ਦਸਤਾਰ ਅਕਾਲੀਆਂ ਦੀ ਪੁਸ਼ਾਕ ਦਾ ਅੰਗ ਬਣ ਗਈ। ਪਹਿਲਾਂ ਕਾਲਾ ਦਸਤਾਰਾ ਜਾਂ ਨੀਲਾ ਬਾਣਾ ਨਿਹੰਗ ਸਿੰਘ ਰੱਖਦੇ ਸਨ।

■■

# ਸਿੱਖ ਧਰਮ ਦੇ ਪ੍ਰਸਾਰ ਵਿਚ ਮਾਵਾਂ ਦਾ ਯੋਗਦਾਨ

■ ਤਲਵਿੰਦਰ ਸਿੰਘ ਬੁੱਟਰ



ਕਿਸੇ ਵੀ ਧਰਮ, ਕੌਮ ਜਾਂ ਦੇਸ਼ ਦੇ ਭਵਿੱਖ ਦਾ ਦਾਰੋਮਦਾਰ ਮਾਂ ਵਲੋਂ ਆਪਣੇ ਬੱਚੇ ਨੂੰ ਦਿੱਤੀ ਸਿੱਖਿਆ ਅਤੇ ਦੀਖਿਆ 'ਤੇ ਨਿਰਭਰ ਕਰਦਾ ਹੈ। ਔਰਤ ਹੀ ਕਿਸੇ ਵਿਰਸੇ, ਭਾਵਨਾ ਅਤੇ ਗੁਣ ਦਾ ਪ੍ਰਸਾਰ ਸਭ ਤੋਂ ਵੱਧ ਅਸਰਦਾਰ ਤਰੀਕੇ ਨਾਲ ਕਰ ਸਕਦੀ ਹੈ। ਬੱਚੇ ਦੀ ਸ਼ਖ਼ਸੀਅਤ ਉਸਾਰੀ ਵਿਚ ਮਾਂ ਦੀ ਸਭ ਤੋਂ ਵੱਡੀ ਭੂਮਿਕਾ ਹੁੰਦੀ ਹੈ। ਮਾਂ ਬੱਚੇ ਨੂੰ ਜਨਮ ਦਿੰਦੀ ਹੈ, ਪਾਲਦੀ-ਪੋਸਦੀ ਅਤੇ ਸੰਜਮ ਦੀ ਰਹਿਣੀ-ਬਹਿਣੀ ਸਿਖਾਉਂਦੀ ਹੈ। ਆਚਾਰ-ਵਿਹਾਰ, ਸਮਾਜਿਕ ਸੱਭਿਆਚਾਰਕ ਤੇ ਧਾਰਮਿਕ ਕਦਰਾਂ-ਕੀਮਤਾਂ ਉਸ ਵਿਚ ਕੁੱਟ-ਕੁੱਟ ਕੇ ਭਰਦੀ ਹੈ। ਉਸ ਨੂੰ ਆਪਣੀ ਛਾਤੀ ਨਾਲ ਲਗਾਉਂਦੀ ਹੈ ਤਾਂ ਉਸ ਨੂੰ ਸਿਰਫ਼ ਢਿੱਡ ਭਰਨ ਜੋਗਾ ਦੁੱਧ ਹੀ ਨਹੀਂ ਪਿਲਾਉਂਦੀ ਸਗੋਂ ਉਸ ਵਿਚ ਮਨੋਬਿਰਤੀਆਂ ਦਾ ਸੰਚਾਰ ਵੀ ਕਰਦੀ ਹੈ। ਸ਼ਾਇਦ ਇਸੇ ਲਈ ਉਘੇ ਮਨੋਵਿਗਿਆਨੀ ਸਾਲੋਮਨ ਨੇ ਆਖਿਆ ਸੀ, "ਬੁੱਧੀਵਾਨ ਪੁੱਤਰ ਪਿਤਾ ਨੂੰ ਪ੍ਰਸੰਨ ਕਰਦਾ ਹੈ ਅਤੇ ਦੁਰਾਚਾਰੀ, ਬਦਚਲਣ ਪੁੱਤਰ ਮਾਂ ਨੂੰ ਸ਼ਰਮਿੰਦਾ ਕਰਦਾ ਹੈ।" ਇਸ ਦਾ ਅਰਥ ਇਹ ਹੈ ਕਿ ਪੁੱਤਰ ਦੇ ਵਿਦਵਾਨ ਹੋਣ 'ਤੇ ਤਾਂ ਪਿਤਾ ਮਾਣ ਮਹਿਸੂਸ ਕਰ ਸਕਦਾ ਹੈ ਪਰ ਕਿਸੇ ਵੀ ਬੱਚੇ ਦੀ ਸ਼ਖ਼ਸੀਅਤ ਉਸਾਰੀ ਸਿਰਫ਼ ਮਾਂ ਦੇ ਹੀ ਹੱਥ ਹੁੰਦੀ ਹੈ। ਆਖਿਆ ਜਾ ਸਕਦਾ ਹੈ ਕਿ ਕਿਸੇ ਵੀ ਕੌਮ ਦੀ ਨਵੀਂ ਪੀੜ੍ਹੀ ਜਾਂ ਵਿਰਸੇ ਨੂੰ ਅੱਗੇ ਤੋਰਨ ਵਿਚ ਮਾਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ।

ਲਹੂ ਨਾਲ ਸਿੰਜੇ ਸਿੱਖ ਕੌਮ ਦੇ ਇਤਿਹਾਸ ਨੂੰ ਫ਼ਰੋਲੀਏ ਤਾਂ 'ਰਾਇ ਭੋਇ ਦੀ ਤਲਵੰਡੀ' ਤੋਂ ਸਿੱਖੀ ਦੇ ਬੂਟੇ (ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਵੇਲੇ) ਦੀ ਪੈਦਾਵਾਰ ਤੋਂ ਲੈ ਕੇ ਅੱਜ ਵਿਸ਼ਵ ਵਿਆਪੀ ਫੁਲਵਾੜੀ ਦੇ ਰੂਪ ਵਿਚ ਖਿੜਨ ਵਿਚ 'ਮਾਂ' (ਔਰਤ) ਦਾ ਲਾਸਾਨੀ ਅਤੇ ਵਡਮੁੱਲਾ ਯੋਗਦਾਨ ਰਿਹਾ ਹੈ। ਸਦੀਆਂ ਤੋਂ ਜਿਥੇ ਔਰਤ ਨੂੰ ਗੁਲਾਮ ਬਣਾਉਣ ਦੀ ਪ੍ਰਵਿਰਤੀ ਦੇ ਵਿਰੁੱਧ ਸਿੱਖ ਧਰਮ ਨੇ ਆਵਾਜ਼ ਬੁਲੰਦ ਕੀਤੀ, ਉਥੇ ਸਿੱਖ ਧਰਮ ਦੇ ਬਿਖੜੇ ਤੇ ਖੂਨੀ ਪੈਂਡਿਆਂ ਦੌਰਾਨ ਜਿਹੜੀ ਭੂਮਿਕਾ ਸਿੱਖ ਔਰਤ ਦੀ ਰਹੀ ਹੈ, ਸ਼ਾਇਦ ਹੀ ਕਿਸੇ ਹੋਰ ਕੌਮ ਵਿਚ ਹੋਵੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਮਾਣ ਦਿੰਦਿਆਂ **'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ'** ਦਾ ਪੈਗਾਮ ਦਿੱਤਾ। ਸਿੱਖ ਬੀਬੀਆਂ ਨੂੰ ਪਾਠ-ਪੂਜਾ, ਸੇਵਾ, ਰਹਿਤ ਮਰਿਆਦਾ ਅਤੇ ਜੀਵਨ ਮੁਕਤੀ ਲਈ ਪੁਰਸ਼ਾਂ ਦੇ ਬਰਾਬਰ ਹੀ ਅਧਿਕਾਰ ਦਿੱਤਾ। ਪ੍ਰੋ. ਪੂਰਨ ਸਿੰਘ ਲਿਖਦੇ ਹਨ, ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਪੰਥ ਇਕ ਅਜਿਹਾ ਸੰਘ ਹੈ ਜਿਸ ਵਿਚ ਇਸਤਰੀਆਂ ਖੁੱਲ੍ਹਾ ਅਤੇ ਬਰਾਬਰ ਭਾਗ ਲੈਂਦੀਆਂ ਹਨ। ਪੂਰਬ ਦੇ ਇਤਿਹਾਸ ਵਿਚ ਪਹਿਲੀ ਵਾਰੀ ਇਸਤਰੀ ਨੂੰ ਮਰਦਾਂ ਦੇ ਬਰਾਬਰ ਹੱਕ ਮਿਲਿਆ ਹੈ।

ਲਹੂ ਨਾਲ ਸਿੰਜੇ ਸਿੱਖ ਕੌਮ ਦੇ ਇਤਿਹਾਸ ਨੂੰ ਫ਼ਰੋਲੀਏ ਤਾਂ 'ਰਾਇ ਭੋਏ ਦੀ ਤਲਵੰਡੀ' ਤੋਂ ਸਿੱਖੀ ਦੇ ਬੂਟੇ (ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਵੇਲੇ) ਦੀ ਪੈਦਾਵਾਰ ਤੋਂ ਲੈ ਕੇ ਅੱਜ ਵਿਸ਼ਵ ਵਿਆਪੀ ਫ਼ੁਲਵਾੜੀ ਦੇ ਰੂਪ ਵਿਚ ਖਿੜਨ ਵਿਚ 'ਮਾਂ' (ਔਰਤ) ਦਾ ਲਾਸਾਨੀ ਅਤੇ ਵਡਮੁੱਲਾ ਯੋਗਦਾਨ ਰਿਹਾ ਹੈ। ਸਿੱਖ ਧਰਮ ਦੇ ਬਿਖੜੇ ਤੇ ਖੂਨੀ ਪੈਂਡਿਆਂ ਦੌਰਾਨ ਜਿਹੜੀ ਭੂਮਿਕਾ ਸਿੱਖ ਔਰਤ ਦੀ ਰਹੀ ਹੈ, ਸ਼ਾਇਦ ਹੀ ਕਿਸੇ ਹੋਰ ਕੌਮ ਵਿਚ ਹੋਵੇ।


ਉਸ ਔਰਤ (ਮਾਂ) ਦਾ ਯੋਗਦਾਨ ਅਤੇ ਵਡਿਆਈ ਕਿਵੇਂ ਭੁਲਾਈ ਜਾ ਸਕਦੀ ਹੈ, ਜਿਸ ਨੇ ਜਗਤ ਜਲੰਦੇ ਨੂੰ ਠਾਰਨ ਆਏ ਰੱਬੀ ਨੂਰ ਨੂੰ ਜਨਮ ਦਿੱਤਾ।

**"ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥"**

ਧੰਨ ਹੈ ਮਾਤਾ ਤ੍ਰਿਪਤਾ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਮਾਂ' ਬਣਨ ਦਾ ਸੁਭਾਗ ਪ੍ਰਾਪਤ ਹੋਇਆ। ਕਿੰਨੀ ਭਗਤੀ ਅਤੇ ਪ੍ਰਤਾਪ ਹੋਵੇਗਾ ਉਸ ਮਾਂ ਦਾ ਜਿਸ ਦੀ ਪਵਿੱਤਰ ਕੁੱਖ ਵਿਚੋਂ ਅਕਾਲ ਜੋਤਿ ਨੇ ਆਪ ਅਵਤਾਰ ਧਾਰਿਆ।

**"ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥"**

ਸਿੱਖ ਧਰਮ ਦੇ ਪ੍ਰਸਾਰ ਵਿਚ ਲਾਸਾਨੀ ਯੋਗਦਾਨ ਪਾਉਣ ਵਾਲੀਆਂ ਮਾਵਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਸਿੱਖ ਤੋਂ ਖ਼ਾਲਸਾ ਤੱਕ ਮਨੁੱਖੀ ਸੰਪੂਰਨਤਾ ਦੇ ਪੈਂਡੇ ਦੌਰਾਨ ਮਾਤਾ ਸੁਲੱਖਣੀ, ਮਾਤਾ ਖੀਵੀ, ਮਾਤਾ ਗੰਗਾ, ਮਾਤਾ ਗੁਜਰੀ, ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਦੀਆਂ ਭੂਮਿਕਾਵਾਂ ਇਲਾਹੀ ਹਨ। ਬੀਬੀ ਭਾਨੀ ਦੀ ਦੇਣ ਸਭ ਤੋਂ ਵਡਮੁੱਲੀ ਹੈ, ਜਿਸ ਨੂੰ ਗੁਰੂ ਦੀ ਪੁੱਤਰੀ, ਗੁਰੂ ਦੀ ਪਤਨੀ ਅਤੇ ਗੁਰੂ ਦੀ ਮਾਂ ਹੋਣ ਦਾ ਮਾਣ ਪ੍ਰਾਪਤ ਹੋਇਆ। ਬੀਬੀ ਭਾਨੀ ਜੀ ਨੇ ਮਾਂ ਦੇ ਰੂਪ ਵਿਚ ਜੋ ਅਸੀਸ, ਜੋ ਇਲਾਹੀ ਸੰਚਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤਾ, ਉਸ ਅਗੰਮੀ ਲੋਰੀ ਦਾ ਜ਼ਿਕਰ ਪੰਜਵੇਂ ਪਾਤਸ਼ਾਹ ਆਪਣੀ ਬਾਣੀ ਵਿਚ ਕਰਦੇ ਹਨ :



**"ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥"**

ਜੇਕਰ ਇਹ ਆਸੀਸ ਅੱਜ ਹਰੇਕ ਬੱਚੇ ਦੇ ਹਿਰਦੇ 'ਤੇ ਉਕਰ ਦਿੱਤੀ ਜਾਵੇ ਤਾਂ ਸਿੱਖ ਵਿਰਸੇ ਦੀ ਫ਼ੁਲਵਾੜੀ ਨੂੰ ਪੂਰੀ ਦੁਨੀਆ 'ਤੇ ਛਾ ਜਾਣ ਤੋਂ ਕੋਈ ਨਹੀਂ ਰੋਕ ਸਕਦਾ। ਮਾਤਾ ਗੰਗਾ ਜੀ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਸੇਵਾ ਘਾਲਣਾ ਮਿਸਾਲੀ ਹੈ। ਇਸ ਮਾਂ ਦੀ ਕੁੱਖੋਂ ਮਹਾਨ ਯੋਧੇ, ਪਰਉਪਕਾਰੀ ਤੇ ਗੁਰੂ ਨਾਨਕ ਦੀ ਗੱਦੀ ਦੇ ਛੇਵੇਂ ਵਾਰਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਨਮ ਲਿਆ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦ ਹੋਏ ਤਾਂ ਮਾਤਾ ਗੰਗਾ ਦੀ ਅਵਸਥਾ ਅਤੇ ਜ਼ਿੰਮੇਵਾਰੀਆਂ ਅਗੰਮੀ ਸਨ। ਪਤੀ ਦੀ ਸ਼ਹੀਦੀ ਤੋਂ ਬਾਅਦ ਵੀ ਅਡੋਲ ਰਹੇ ਅਤੇ ਪੁੱਤਰ ਗੁਰੂ ਹਰਿਗੋਬਿੰਦ ਜੀ ਦੀ ਪਰਵਰਿਸ਼ ਤੇ ਉਨ੍ਹਾਂ ਨੂੰ ਛੋਟੀ ਉਮਰੇ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਮਾਰਗ ਦਰਸ਼ਨ ਕਰਨ ਵਿਚ ਰੁੱਝ ਗਏ। ਮਾਤਾ ਨਾਨਕੀ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਦੇ ਮਹਿਲ ਅਤੇ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਜਨਮ ਦੇਣ ਵਾਲੀ ਧੰਨ ਮਾਤਾ ਸਨ। ਜਦੋਂ ਬੱਚੇ ਵਿਚ ਵਿਰਸੇ ਦੀ ਦ੍ਰਿੜ੍ਹਤਾ, ਨਿਡਰਤਾ ਅਤੇ ਅਡੋਲਤਾ ਵਰਗੇ ਦੈਵੀ ਗੁਣ ਭਰਨ ਦੀ ਗੱਲ ਕੀਤੀ ਜਾਵੇ ਤਾਂ ਮਾਤਾ ਗੁਜਰੀ ਜੀ ਦੀ ਲਾਸਾਨੀ ਮਿਸਾਲ ਸਾਡੇ ਸਾਹਮਣੇ ਆ ਜਾਂਦੀ ਹੈ। ਮਾਤਾ ਗੁਜਰੀ ਵਰਗੀ ਅਦੁੱਤੀ ਸ਼ਖ਼ਸੀਅਤ ਸ਼ਾਇਦ ਹੀ ਦੁਨੀਆ ਦੇ ਇਤਿਹਾਸ ਵਿਚ ਹੋਰ ਕਿਧਰੇ ਮਿਲੇ, ਜਿਸ ਨੂੰ ਇਕ ਸ਼ਹੀਦ ਦੀ ਪਤਨੀ, ਇਕ ਸ਼ਹੀਦ ਦੀ ਮਾਂ ਅਤੇ ਚਾਰ ਸ਼ਹੀਦਾਂ ਦੀ ਦਾਦੀ ਹੋਣ ਦੇ ਨਾਲ-ਨਾਲ ਖੁਦ ਵੀ ਸ਼ਹੀਦ ਦਾ ਮਾਣ ਪ੍ਰਾਪਤ ਹੋਵੇ। ਸਾਰਾ ਸਰਬੰਸ ਵਾਰ ਕੇ ਵੀ ਸੀਅ ਤੱਕ ਨਾ ਕੀਤੀ। ਕਿੰਨਾ ਅਦੁੱਤੀ ਦ੍ਰਿਸ਼ ਸੀ ਜਿਸ ਵੇਲੇ ਛੋਟੇ ਸਾਹਿਬਜ਼ਾਦਿਆਂ ਨੂੰ ਮੁਗ਼ਲ ਸਿਪਾਹੀ ਠੰਢੇ ਬੁਰਜ ਵਿਚੋਂ ਹਥਕੜੀਆਂ ਨਾਲ ਜਕੜ ਕੇ ਸੂਬਾ ਸਰਹੰਦ ਦੀ ਕਚਹਿਰੀ ਵਿਚ ਪੇਸ਼ ਕਰਨ ਲਿਜਾਉਣ ਲੱਗੇ ਸਨ ਤਾਂ ਬੱਚਿਆਂ ਨੂੰ ਤੋਰਨ ਤੋਂ ਪਹਿਲਾਂ ਦਾਦੀ ਮਾਤਾ ਗੁਜਰੀ ਉਨ੍ਹਾਂ ਨੂੰ ਆਪਣੇ ਵਡੇਰਿਆਂ ਦੇ ਪੂਰਨਿਆਂ 'ਤੇ ਚੱਲ ਕੇ ਦੀਨ ਅੱਗੇ ਜ਼ਿੰਦਗੀ ਅਤੇ ਦੁਨੀਆ ਦੇ ਹਰ ਲਾਲਚ ਨੂੰ ਠੋਕਰ ਮਾਰ ਦੇਣ ਅਤੇ ਸਿੱਖੀ ਸਿਦਕ ਨੂੰ ਸੁਆਸਾਂ ਸੰਗ ਨਿਭਾਉਣ ਦੀ ਸਿੱਖਿਆ ਦਿੰਦੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੇ ਮਨੁੱਖਤਾ ਦੇ ਰਹਿਬਰ, ਮਹਾਨ ਦਾਨੀ, ਕਵੀ, ਜੁਝਾਰੂ ਅਤੇ ਸੰਤ ਨੂੰ ਜਨਮ ਦੇਣ ਵਾਲੀ ਮਾਂ ਦੀ ਸ਼ਖ਼ਸੀਅਤ ਦਾ ਪੂਰਨ ਮੁਲਾਂਕਣ ਕਰਨਾ ਦੁਨਿਆਵੀ ਸ਼ਬਦਾਂ ਤੋਂ ਬਾਹਰੀ ਗੱਲ ਹੈ। ਮਾਤਾ ਗੁਜਰੀ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਉਸਾਰੀ ਵਿਚ ਕਿੰਨੀ ਮਹਾਨ ਭੂਮਿਕਾ ਨਿਭਾਈ ਇਸ ਦਾ ਜ਼ਿਕਰ ਦਸਮ ਗ੍ਰੰਥ ਵਿਚ ਗੁਰੂ ਸਾਹਿਬ ਖੁਦ ਕਰਦੇ ਹਨ :

**"ਕੀਨੀ ਅਨਿਕ ਭਾਂਤਿ ਤਨ ਰੱਛਾ ॥ ਦੀਨੀ ਭਾਂਤਿ ਭਾਂਤਿ ਕੀ ਸਿਛਾ ॥"**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਦਾ ਕਿੰਨਾ ਵੱਡਾ ਜਿਗਰਾ ਹੋਵੇਗਾ, ਜਿਨ੍ਹਾਂ ਨੇ ਦੀਨ ਹਿਤ ਆਪਣੇ ਚਾਰ ਪੁੱਤਰਾਂ ਨੂੰ ਨਿਛਾਵਰ ਕਰ ਦਿੱਤਾ। ਉਨ੍ਹਾਂ ਆਪਣੇ ਪਤੀ ਅਤੇ ਪੁੱਤਰਾਂ ਦੀ ਸ਼ਹੀਦੀ ਤੋਂ ਬਾਅਦ 40 ਸਾਲਾਂ ਤੱਕ ਸਿੱਖ ਕੌਮ ਦੀ ਬਿਖੜੇ ਤੇ ਔਖੇ ਸਮੇਂ ਵਿਚ ਬੜੇ ਸੁਚੱਜੇ ਤਰੀਕੇ ਨਾਲ ਅਗਵਾਈ ਕੀਤੀ। ਇਸੇ ਤਰ੍ਹਾਂ ਮਾਤਾ ਸਾਹਿਬ ਕੌਰ ਨੂੰ ਖ਼ਾਲਸੇ ਦੀ ਮਾਤਾ ਹੋਣ ਦਾ ਮਾਣ ਹਾਸਲ ਹੈ। ਇਸ ਮਾਤਾ ਨੇ ਆਪਣੇ ਨਾਦੀ ਪੁੱਤਰ ਖ਼ਾਲਸੇ ਦੀ ਸੀਰਤ ਬਦਲਣ ਦਾ ਯੁੱਗਾਂ-ਯੁਗਾਂਤਰਾਂ ਤੱਕ ਯਾਦ ਕੀਤਾ ਜਾਣ ਵਾਲਾ ਮਹਾਨ ਪਰਉਪਕਾਰ ਕੀਤਾ।

ਗੁਰੂ ਸਾਹਿਬਾਨ ਤੋਂ ਬਾਅਦ ਵੀ ਸਿੱਖ ਬੀਬੀਆਂ ਨੇ ਲਗਾਤਾਰ ਸਿੱਖੀ ਪੂਰੀ ਦ੍ਰਿੜ੍ਹਤਾ ਅਤੇ ਬਹਾਦਰੀ ਦੇ ਨਾਲ ਕਮਾਈ। ਕਿੰਨਾ ਭਿਆਨਕ ਸੀ ਉਹ ਦੌਰ ਅਤੇ ਕਿੰਨੇ ਵੱਡੇ ਜ਼ਿਗਰੇ ਵਾਲੀਆਂ ਸਨ ਉਹ ਮਾਵਾਂ, ਜਦੋਂ ਮੁਗ਼ਲ ਹਾਕਮ ਮਾਂਵਾਂ ਦੇ ਸਾਹਮਣੇ ਦੁੱਧ ਚੁੰਘਦੇ ਉਨ੍ਹਾਂ ਦੇ ਬੱਚਿਆਂ ਨੂੰ ਟੋਟੇ-ਟੋਟੇ ਕਰਕੇ ਉਨ੍ਹਾਂ ਦੇ ਗਲਾਂ ਵਿਚ ਹਾਰ ਬਣਾ ਕੇ ਪਾ ਦਿੰਦੇ ਸਨ, ਬੱਚਿਆਂ ਨੂੰ ਨੇਜਿਆਂ 'ਤੇ ਟੰਗ ਕੇ ਦੋਫ਼ਾੜ ਕਰ ਦਿੱਤਾ ਜਾਂਦਾ ਸੀ ਪਰ ਉਨ੍ਹਾਂ ਮਾਵਾਂ ਨੇ ਸਿਦਕ ਨਾ ਡੁਲਾਇਆ। ਸਿੱਖੀ ਨਾ ਤਿਆਗੀ। ਭਾਈ ਮਨੀ ਸਿੰਘ ਜਦੋਂ ਬੰਦ-ਬੰਦ ਕਟਵਾ ਕੇ ਸਿੱਖੀ ਤੋਂ ਕੁਰਬਾਨ ਹੋਣ ਲਈ ਤੁਰਨ ਲੱਗਿਆ ਤਾਂ ਸਾਹਮਣੇ ਖੜ੍ਹੀ ਮਾਂ ਅਤੇ ਭੈਣ ਨੂੰ ਤੱਕਦਿਆਂ ਉਸ ਦੇ ਕਦਮ ਹੌਲੇ ਪੈ ਗਏ, ਉਸ ਦੀ ਮਾਂ ਅਤੇ ਭੈਣ ਹੌਂਸਲਾ ਦਿੰਦਿਆਂ ਆਖਣ ਲੱਗੀਆਂ, **"ਤੂੰ ਸਾਡੀ ਚਿੰਤਾ ਨਾ ਕਰ, ਸਾਡੀ ਰੱਖਿਆ ਸਾਡਾ ਗੁਰੂ ਆਪ ਕਰੇਗਾ।"** ਹੈ ਕਿਸੇ ਇਤਿਹਾਸ ਵਿਚ ਮਾਂ ਦੀ ਇੰਨੀ ਅਡੋਲਤਾ ਅਤੇ ਦ੍ਰਿੜ੍ਹਤਾ ਦੀ ਮਿਸਾਲ? ਇਸੇ ਤਰ੍ਹਾਂ ਸਿੱਖੀ ਦ੍ਰਿੜ੍ਹਤਾ ਵਿਚ ਰਾਣੀ ਸਦਾ ਕੌਰ, ਮਹਾਰਾਣੀ ਜਿੰਦਾਂ, ਬੀਬੀ ਸ਼ਰਨ ਕੌਰ ਦੇ ਯੋਗਦਾਨ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤੀ ਜਾ ਸਕਦਾ। ਬੀਬੀ ਸ਼ਰਨ ਕੌਰ ਉਹ ਮਹਾਨ ਸ਼ਹੀਦ ਸਿੰਘਣੀ ਹੈ, ਜਿਸ

ਨੇ ਚਮਕੌਰ ਦੀ ਗੜ੍ਹੀ ਦੇ ਮੈਦਾਨੇ-ਜੰਗ ਵਿਚ ਸ਼ਹੀਦ ਹੋਏ ਸਾਰੇ ਸਿੰਘਾਂ ਦੀਆਂ ਦੇਹਾਂ ਦਾ ਸਤਿਕਾਰ ਸਹਿਤ ਉਸ ਵੇਲੇ ਸਸਕਾਰ ਕਰਨ ਦਾ ਹੌਸਲਾ ਦਿਖਾਇਆ, ਜਿਸ ਵੇਲੇ ਕਿਸੇ ਸਿੱਖ ਨੂੰ ਰਾਹ ਜਾਂਦੇ ਦੇਖਣ ਵਾਲੇ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ।

ਮਹਾਰਾਣੀ ਜਿੰਦਾਂ ਵਲੋਂ ਨਿਭਾਈ ਸਿੱਖ ਮਾਂ ਦੀ ਭੂਮਿਕਾ ਅਜੋਕੀ ਮਾਂ ਲਈ ਮਿਸਾਲ ਹੈ। ਜਿਸ ਵੇਲੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦੇ ਪਤਨ ਤੋਂ ਬਾਅਦ ਗੱਦਾਰਾਂ ਦੀ ਮਦਦ ਨਾਲ ਮਹਾਰਾਜਾ ਦਲੀਪ ਸਿੰਘ ਨੂੰ ਫ਼ਿਰੰਗੀਆਂ ਨੇ ਬੰਦੀ ਬਣਾ ਲਿਆ ਤਾਂ ਮਗਰੋਂ ਮਾਂ-ਮਮਤਾ ਦੀ ਵਿੰਨ੍ਹੀ ਮਹਾਰਾਣੀ ਜਿੰਦਾ ਬੇਹਾਲ ਹੋ ਗਈ। ਆਪਣੇ ਪੁੱਤਰ ਦੇ ਵਿਜੋਗ ਵਿਚ ਰੋ-ਰੋ ਕੇ ਆਪਣੀਆਂ ਅੱਖਾਂ ਦੀ ਨਜ਼ਰ ਵੀ ਗੁਆ ਬੈਠੀ। ਚਿਰੀਂ ਵਿਛੁੰਨੇ ਮਾਂ-ਪੁੱਤ ਦਾ ਕਲਕੱਤੇ ਵਿਚ ਮਿਲਾਪ ਹੋਇਆ ਤਾਂ ਮਹਾਰਾਣੀ ਜਿੰਦਾ ਘੁੱਟ ਕੇ ਦਲੀਪ ਸਿੰਘ ਨੂੰ ਛਾਤੀ ਨਾਲ ਲਾਉਂਦਿਆਂ ਸਿਰ ਪਲੋਸਣ ਲੱਗੀ। ਉਸ ਦੇ ਹੱਥਾਂ 'ਚ ਦਲੀਪ ਸਿੰਘ ਦਾ ਰੀਝਾਂ ਤੇ ਮੱਖਣਾਂ ਨਾਲ ਪਾਲਿਆ ਜੂੜਾ ਨਾ ਆਇਆ। ਉਸ ਦੇ ਹੱਥ ਕੰਬਣ ਲੱਗੇ ਅਤੇ ਧਾਹਾਂ ਨਿਕਲ ਗਈਆਂ। ਜਿੰਦਾਂ ਨੇ ਪੁੱਤਰ ਨੂੰ ਫ਼ਿਟਕਾਰਦਿਆਂ ਪਰ੍ਹੇ ਧੱਕ ਦਿੱਤਾ, "ਜੇ ਤੂੰ ਗੁਰੂ ਦਾ ਨਹੀਂ ਬਣ ਕੇ ਰਹਿ ਸਕਿਆ ਤਾਂ ਮਾਂ ਦਾ ਕੀ ਬਣੇਂਗਾ ?" ਤਕਦੀਰ ਨੂੰ ਉਲਾਂਭਾ ਦਿੰਦਿਆਂ ਆਖਣ ਲੱਗੀ, "ਹੇ ਬੁਰੀ ਤਕਦੀਰੇ ! ਤੂੰ ਮੇਰਾ ਸਰਤਾਜ ਖੋਹਿਆ, ਮੇਰਾ ਰਾਜ-ਭਾਗ ਖੋਹਿਆ, ਪਵਿੱਤਰ ਭੂਮੀ ਮੇਰਾ ਪੰਜਾਬ ਖੋਹ ਲਿਆ ਤੇ ਅੰਤ ਪ੍ਰਾਣਾਂ ਤੋਂ ਪਿਆਰੀ ਸਿੱਖੀ ਵੀ ਮੇਰੇ ਕੋਲੋਂ ਖੋਹ ਲਈ। ਅੱਜ ਮੇਰੇ ਬੰਸ ਦੀਆਂ ਰਗਾਂ ਵਿਚੋਂ ਕਲਗੀਧਰ ਦੇ ਸ਼ਹੀਦ ਬੱਚਿਆਂ ਦਾ ਲਹੂ ਮੁੱਕ ਗਿਆ।"

ਇਹ ਵਾਕ ਦਲੀਪ ਸਿੰਘ ਦਾ ਸੀਨਾ ਪਾੜ ਗਿਆ। ਉਹ ਮਾਂ ਦੇ ਚਰਨਾਂ 'ਤੇ ਡਿੱਗਾ ਭੁੱਬੀਂ-ਭੁੱਬੀਂ ਰੋਣ ਲੱਗਾ ਤੇ ਬੋਲਿਆ, "ਮਾਂ ! ਮੈਂ ਤੇਰੀ ਉਜੜੀ ਦੁਨੀਆ ਫ਼ਿਰ ਨਹੀਂ ਵਸਾ ਸਕਦਾ। ਤੇਰਾ ਗੁਆਚਿਆ ਰਾਜ-ਭਾਗ ਫ਼ਿਰ ਨਹੀਂ ਕਾਇਮ ਕਰ ਸਕਦਾ, ਪਰ ਤੇਰੀ ਕੁੱਲ ਵਿਚੋਂ ਗਈ ਸਿੱਖੀ ਮੁੜ ਪਰਤਾ ਲਿਆਵਾਂਗਾ।" ਮਹਾਰਾਣੀ ਜਿੰਦਾਂ ਨੇ ਉਸ ਸਮੇਂ ਤੱਕ ਸੁੱਖ ਦਾ ਸਾਹ ਨਹੀਂ ਲਿਆ ਜਦੋਂ ਤੱਕ ਮਹਾਰਾਜਾ ਦਲੀਪ ਸਿੰਘ ਮੁੜ ਸਿੱਖ ਸਰੂਪ ਵਿਚ ਨਹੀਂ ਆ ਗਿਆ। ਇਤਿਹਾਸਕਾਰ ਡਾਕਟਰ ਗੰਡਾ ਸਿੰਘ ਲਿਖਦੇ ਹਨ ਕਿ, ਮਹਾਰਾਜਾ ਦਲੀਪ ਸਿੰਘ ਨੇ 26 ਮਈ, 1886 ਈਸਵੀ ਦੇ ਦਿਨ ਅਦਨ ਦੇ ਇਕ ਗੁਰਦੁਆਰੇ ਵਿਚ ਅੰਮ੍ਰਿਤ ਛਕ ਲਿਆ ਅਤੇ ਇਸ ਤਰ੍ਹਾਂ ਉਹ ਆਪਣੀ ਮਾਂ ਦੀ ਹੀ ਪ੍ਰੇਰਨਾ ਅਤੇ ਸ਼ਖ਼ਸੀਅਤ ਦੇ ਪ੍ਰਭਾਵ ਕਾਰਨ ਕੈਥੋਲਿਕ ਈਸਾਈ ਤੋਂ ਮੁੜ ਸਿੰਘ ਸਜ ਗਿਆ।

ਕੀ ਅੱਜ ਸਿੱਖ ਘਰਾਂ ਵਿਚ ਅਜਿਹੀ ਕੋਈ ਆਦਰਸ਼ਕ ਮਾਂ ਲੱਭੇਗੀ ? ਅੱਜ ਦੀ ਸਿੱਖ ਮਾਂ ਪੱਛਮ ਦੀ ਔਰਤ ਦੀ ਰੀਸ ਕਰਦੀ ਹੋਈ ਆਪਣੇ 'ਬਤੀਹ ਸੁਲੱਖਣੀ' ਵਾਲੇ ਕੀਮਤੀ ਤੇ ਵਡਮੁੱਲੇ ਗੁਣ ਵਿਸਾਰ ਕੇ, ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਦੀ ਹੋਈ ਜਿਥੇ ਅਧਿਆਤਮਕਾ ਤੋਂ ਦੂਰ ਹੁੰਦੀ ਜਾ ਰਹੀ ਹੈ, ਉਥੇ ਗ੍ਰਿਹਿਸਥ ਧਰਮ ਦੇ ਫ਼ਰਜ਼ ਨਿਭਾਉਣ ਤੋਂ ਵੀ ਮੁਨਕਰ ਹੋ ਰਹੀ ਹੈ। ਨਤੀਜਨ ਨੌਜਵਾਨ ਪੀੜ੍ਹੀ ਆਪਣੇ ਸਿੱਖੀ ਵਿਰਸੇ ਤੋਂ ਟੁੱਟ ਰਹੀ ਹੈ। ਲੱਖਾਂ ਸਿੱਖ ਪਰਿਵਾਰਾਂ ਦੀ ਬੰਸ ਵਿਚੋਂ ਕਲਗੀਧਰ ਦੇ ਸ਼ਹੀਦ ਬੱਚਿਆਂ ਦਾ ਲਹੂ ਸੁੱਕ ਰਿਹਾ ਹੈ। ਹਰ 10 ਸਿੱਖ ਨੌਜਵਾਨਾਂ ਵਿਚੋਂ 7 ਦੇ ਸਿਰ 'ਤੇ ਗੁਰੂ ਦੀ ਮੋਹਰ 'ਜੂੜੇ' ਨਹੀਂ ਦਿਖਦੇ ਅਤੇ 10 ਵਿਚੋਂ 8 ਦੇ ਮੂੰਹਾਂ 'ਤੇ ਦਾੜ੍ਹੀ ਨਹੀਂ। ਬਚਪਨ ਦੀ ਪਰਵਰਿਸ਼ ਦੀ ਘਾਟ ਕਾਰਨ ਹੀ ਬੱਚੇ ਨਸ਼ਿਆਂ 'ਚ ਗਲਤਾਨ ਹੋ ਰਹੇ ਹਨ। ਅੱਜ ਕਿਥੇ ਗਈਆਂ ਮਾਤਾ ਗੁਜਰੀ ਦੀਆਂ ਵਾਰਸ ਅਤੇ ਮਹਾਰਾਣੀ ਜਿੰਦਾਂ ਵਰਗੀਆਂ ਮਾਵਾਂ ? ਅੱਜ ਸਾਰੀ ਸਿੱਖ ਕੌਮ ਪਤਿਤਪੁਣੇ ਨੂੰ ਸਿੱਖ ਧਰਮ ਦੇ ਨਿਆਰੇਪਣ ਲਈ ਵੱਡਾ ਖ਼ਤਰਾ ਹੋਣ ਦਾ ਰੌਲਾ ਪਾ ਰਹੀ ਹੈ। ਅਜੋਕੀ ਸਿੱਖ ਮਾਂ ਅੱਜ ਖੁਦ ਹੀ ਆਪਣੇ ਘਰਾਂ ਵਿਚੋਂ ਸਿੱਖੀ ਦਾ ਚਿਰਾਗ ਬੁਝਾਉਣ ਲਈ ਦੋਸ਼ੀ ਹੈ। ਬਹੁਤੀਆਂ ਸਿੱਖ ਮਾਵਾਂ ਆਪਣੇ ਬੱਚਿਆਂ ਦੇ ਕੇਸਾਂ ਦੀ ਸੰਭਾਲ ਕਰਨ ਬਾਝੋਂ ਉਨ੍ਹਾਂ ਨੂੰ ਬਚਪਨ ਵਿਚ ਹੀ ਗੁਰੂ ਦੀ ਮੋਹਰ ਤੋਂ ਵਾਂਝੇ ਕਰ ਰਹੀਆਂ ਹਨ। ਬਚਪਨ ਵਿਚ ਸਿੱਖ ਬੱਚਿਆਂ ਨੂੰ ਧਰਮ ਖ਼ਾਤਰ ਬੰਦ-ਬੰਦ ਕਟਵਾਉਣ ਅਤੇ ਕੇਸਾਂ ਖਾਤਰ ਚਰਖੜੀਆਂ 'ਤੇ ਚੜ੍ਹਨ ਵਾਲੇ ਸੂਰਬੀਰਾਂ ਦੀਆਂ ਸਾਖੀਆਂ ਸੁਣਾਉਣ ਲਈ ਸਿੱਖ ਮਾਂ ਕੋਲ ਵਿਹਲ ਨਹੀਂ ਹੈ। ਪੰਜਾਬੀ ਦੇ ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਪੰਜਾਬੀ ਮਾਂ ਦਾ ਸ਼ਬਦ-ਚਿੱਤਰ ਖਿੱਚਦਿਆਂ ਲਿਖਦੇ ਹਨ ਕਿ, "ਸਾਡੀਆਂ ਮਾਵਾਂ ਦੁੱਧ ਵਿਚ ਮਧਾਣੀਆਂ ਪਾਉਂਦੀਆਂ ਗੁਰਬਾਣੀ ਗਾਉਂਦੀਆਂ ਸਨ। ਬੱਚਾ ਜਦੋਂ ਸੁੱਤਾ ਉਠਦਾ ਸੀ ਤਾਂ ਉਸ ਦੇ ਕੰਨੀਂ ਪਹਿਲੀ ਆਵਾਜ਼ ਗੁਰਬਾਣੀ ਦੀ ਕੋਈ ਤੁਕ ਦੀ ਪੈਂਦੀ ਸੀ। ਪਰ ਅੱਜ ਤਾਂ ਬੱਚੇ ਦੇ ਉਠਣ ਤੋਂ ਪਹਿਲਾਂ ਹੀ ਘਰ ਵਿਚ ਟੈਲੀਵਿਜ਼ਨ 'ਤੇ ਅਸ਼ਲੀਲ ਗਾਣੇ ਲੱਗੇ ਹੁੰਦੇ ਹਨ।" ਜਿਹੜੀ ਸਿੱਖ ਮਾਂ ਨੇ ਦੀਨ ਕਾਇਮ ਰੱਖਣ ਲਈ ਆਪਣੇ ਬੱਚਿਆਂ ਦੇ ਟੋਟੇ-ਟੋਟੇ ਅੱਖਾਂ ਸਾਹਮਣੇ ਕਰਵਾਏ ਸਨ, ਅੱਜ ਉਸ ਦੀਆਂ ਵਾਰਸ ਮਾਵਾਂ ਖੁਦ ਫ਼ੈਸ਼ਨਪ੍ਰਸਤ ਅਤੇ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਕਾਰਨ ਸਿੱਖੀ ਸਰੂਪ ਤੋਂ ਦੂਰ ਜਾ ਰਹੀਆਂ ਹਨ।

■■


## ਕੁਰਾਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ਤੇ ਰੈਣਿ ਸਬਾਈ ਕੀਰਤਨ

**ਮਿਤੀ 21 ਫ਼ਰਵਰੀ, 2013 ਤੋਂ ਲੈ ਕੇ 24 ਫ਼ਰਵਰੀ, 2013 ਤੱਕ**

ਕੁਰਾਲੀ ਵਿਖੇ 45ਵਾਂ ਅਖੰਡ ਕੀਰਤਨ ਸਮਾਗਮ ਗੁਰੂ ਸਾਹਿਬ ਦੀ ਕ੍ਰਿਪਾ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਹੇਠ ਲਿਖੇ ਅਨੁਸਾਰ ਹੋਣੇ ਨੀਯਤ ਹੋਏ ਹਨ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਸਮਾਗਮ

* 21 ਫ਼ਰਵਰੀ, 2013 : ਵੀਰਵਾਰ ਸਵੇਰੇ ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਗੁਰਦੁਆਰਾ ਸਬਜ਼ੀ ਮੰਡੀ, ਕੁਰਾਲੀ ਵਿਖੇ।
* 23 ਫ਼ਰਵਰੀ, 2013 : ਸ਼ਨਿੱਚਰਵਾਰ ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ ਤੇ ਦਿਵਸ ਸੁਹੇਲਾ ਕੀਰਤਨ ਗੁਰਦੁਆਰਾ ਸਬਜ਼ੀ ਮੰਡੀ, ਕੁਰਾਲੀ ਵਿਖੇ।
* 23 ਫ਼ਰਵਰੀ, 2013 : ਸ਼ਨਿੱਚਰਵਾਰ ਸ਼ਾਮ ਨੂੰ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ ਗੁਰਦੁਆਰਾ ਸਬਜ਼ੀ ਮੰਡੀ, ਕੁਰਾਲੀ ਵਿਖੇ।

**ਦਾਸਰੇ**

ਗੁਰਦੁਆਰਾ ਪ੍ਰਬੰਧਕ ਕਮੇਟੀ ਸਬਜ਼ੀ ਮੰਡੀ, ਕੁਰਾਲੀ।

**ਦਾਸਰੇ**

ਭਾਈ ਹਰਿਭਜਨ ਸਿੰਘ ਖ਼ਾਲਸਾ ਕੁਰਾਲੀ, ਭਾਈ ਭਾਗ ਸਿੰਘ ਬਡਾਲੀ

ਸੰਪਰਕ : 98765-21432, 98146-04151.

# ਕਲਾਧਾਰੀ ਅਕਾਲ ਪੁਰਖ ਦੇ ਅਚਰਜ ਕੌਤਕ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

ਵਾਹਿਗੁਰੂ ਆਪ ਅਚਰਜ ਹੈ। ਉਸ ਦੀ ਰਚਨਾ ਅਚਰਜ ਹੈ। ਦਸੋਂ ਗੁਰੂ ਸਾਹਿਬਾਨ ਤੇ ਗੁਰਬਾਣੀ ਅਚਰਜ ਹੈ। ਇਸੇ ਲਈ ਸਿੱਖ ਧਰਮ ਕਲਾਵਾਦ ਤੇ ਅਚਰਜ-ਵਾਦ ਹੈ।ਅਰਥਾਤ ਸਿੱਖ ਧਰਮ ਵਾਹਿਗੁਰੂ ਦੀ ਅਸਚਰਜਤਾ ਤੇ ਉਸ ਦੀ ਸਰਬਕਲਾ-ਸਮਰੱਥਾ ਨੂੰ ਮੰਨਦਾ ਹੋਇਆ ਵਾਹਿਗੁਰੂ ਦੀ ਭਗਤੀ ਦ੍ਰਿੜ ਕਰਾਉਂਦਾ ਹੈ। ਸੰਸਾਰ ਵਿਚ ਉਸ ਦੀ ਅਚਰਜ ਲੀਲ੍ਹਾ ਦੇ ਚਮਤਕਾਰ ਸਦਾ ਹੀ ਪ੍ਰਗਟ ਹੁੰਦੇ ਰਹਿੰਦੇ ਹਨ। ਸੂਖਮ ਬੁੱਧੀ ਵਾਲੇ ਪੁਰਸ਼ ਇਨ੍ਹਾਂ ਚਮਤਕਾਰਾਂ ਨੂੰ ਅਕਾਲ ਪੁਰਖ ਦੀ ਅਚਰਜ ਕਲਾ ਦਾ ਲਖਾਇਕ ਸਮਝਦੇ ਹਨ। ਪਰ ਜੋ ਲੋਕ ਸੰਸਾਰਕ ਪਦਾਰਥਾਂ ਦੀ ਜਾਣਕਾਰੀ ਵਾਲੀ ਬੁੱਧੀ ਤੋਂ ਉਪਰ ਨਹੀਂ ਉਠ ਸਕਦੇ, ਉਹ ਇਨ੍ਹਾਂ ਗੱਲਾਂ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ; ਪਰ ਹੈਰਾਨ ਜ਼ਰੂਰ ਹੁੰਦੇ ਹਨ। ਸਾਇੰਸ ਨੇ ਇਸ ਜ਼ਮਾਨੇ ਵਿਚ ਬੜੀ ਤਰੱਕੀ ਕੀਤੀ ਹੈ ਪਰ ਇਹ ਤਰੱਕੀ ਵਾਹਿਗੁਰੂ ਦੇ ਬਣਾਏ ਹੋਏ ਪੰਜ ਤੱਤਾਂ ਦੇ ਆਸਰੇ ਹੀ ਹੈ। ਸਾਇੰਸ ਵਾਲਿਆਂ ਕੋਈ ਛੇਵਾਂ ਤੱਤ ਨਹੀਂ ਬਣਾਇਆ। ਸਾਇੰਸ ਵਾਲਿਆਂ ਨੇ ਪੰਜਾਂ ਤੱਤਾਂ ਦੇ ਉਹ ਗੁਣ ਪ੍ਰਗਟ ਕੀਤੇ ਹਨ ਜੋ ਆਮ ਲੋਕਾਂ ਦੀ ਜਾਣ-ਪਛਾਣ ਤੋਂ ਪਰੇ ਸਨ; ਉਹ ਵੀ ਕੁਦਰਤੀ ਸਾਧਨਾਂ ਦੇ ਸਹਾਰੇ। ਕਈ ਚਮਤਕਾਰ ਐਸੇ ਵਰਤਦੇ ਹਨ, ਜਿਨ੍ਹਾਂ ਨੂੰ ਸਾਇੰਸਦਾਨ ਸਮਝਣ ਤੋਂ ਅਸਮਰੱਥ ਰਹਿੰਦੇ ਹਨ; ਜਿਹਾ ਕਿ ਮਨੁੱਖ ਤੋਂ ਇਸਤ੍ਰੀ ਬਣ ਜਾਣਾ ਤੇ ਇਸਤ੍ਰੀ ਤੋਂ ਮਨੁੱਖ ਹੋ ਜਾਣਾ। ਪਿਛਲੇ ੩੦ ਸਾਲ ਦੀ ਗੱਲ ਹੈ ਕਿ ਜਗਰਾਉਂ ਦੇ ਕੋਲ ਪਿੰਡ ਡੱਲੇ ਦੇ ਲਾਗੇ ਦੇ ਪਿੰਡ ਵਿਚ ਇਕ ਨੌਜਵਾਨ ੨੦ ਸਾਲ ਦਾ, ਲੜਕੀ ਬਣ ਗਿਆ ਸੀ, ਪਰ ਉਸ ਦੇ ਦਾੜ੍ਹਾ ਜ਼ਰੂਰ ਕਾਇਮ ਰਿਹਾ। ਪਿਛਲੇ ਕੁਝ ਦਿਨਾਂ ਦੀ ਗੱਲ ਹੈ ਕਿ ਇੰਗਲੈਂਡ ਵਿਚ ਇਕ ਅੰਗਰੇਜ਼ ਸਾਇੰਸਦਾਨ ੩੯ ਬਰਸ ਦੀ ਉਮਰ ਵਿਚ ਔਰਤ ਬਣ ਗਿਆ: ਹਾਲਾਂਕਿ ਉਸ ਦੇ ਘਰ ਔਰਤ ਵੀ ਸੀ ਤੇ ਤਿੰਨ ਬੱਚੇ ਵੀ ਸਨ। ਇਸ ਤਰ੍ਹਾਂ ਸਰੀਰ ਦੇ ਬਦਲ ਜਾਣ ਦੀਆਂ ਕਈ ਵਾਰ ਖ਼ਬਰਾਂ ਅਖ਼ਬਾਰਾਂ ਵਿਚ ਛਪਦੀਆਂ ਹੀ ਰਹਿੰਦੀਆਂ ਹਨ। ਗੁਰਬਾਣੀ ਵਿਚ ਜ਼ਿੰਦਗੀ ਦੇ ਸਭ ਪਹਿਲੂਆਂ 'ਤੇ ਲੋਕ ਪਰਲੋਕ ਦੀ ਗੁਪਤ ਪ੍ਰਗਟ ਰਚਨਾ ਦਾ ਨਿਰਣਾ ਕੀਤਾ ਹੋਇਆ ਮਿਲਦਾ ਹੈ। ਇਸ ਤਰ੍ਹਾਂ ਦੇ ਅਚਰਜ ਖੇਡਾਂ ਦੇ ਨਿਰਣੇ ਸਬੰਧੀ ਅਸੀਂ ਸਾਰੰਗ ਰਾਗ ਵਿਚੋਂ ਕਬੀਰ ਜੀ ਦਾ ਸ਼ਬਦ ਹੇਠਾਂ ਦਰਜ ਕਰਦੇ ਹਾਂ। ਜਿਸ ਤੋਂ ਪਤਾ ਲੱਗਦਾ ਹੈ ਕਿ ਵਾਹਿਗੁਰੂ ਦੀ ਸਮਰੱਥਾ ਕੈਸੀ ਅਚਰਜ ਹੈ :

ਸਾਇੰਸ ਨੇ ਇਸ ਜ਼ਮਾਨੇ ਵਿਚ ਬੜੀ ਤਰੱਕੀ ਕੀਤੀ ਹੈ ਪਰ ਇਹ ਤਰੱਕੀ ਵਾਹਿਗੁਰੂ ਦੇ ਬਣਾਏ ਹੋਏ ਪੰਜ ਤੱਤਾਂ ਦੇ ਆਸਰੇ ਹੀ ਹੈ। ਸਾਇੰਸ ਵਾਲਿਆਂ ਕੋਈ ਛੇਵਾਂ ਤੱਤ ਨਹੀਂ ਬਣਾਇਆ। ਸਾਇੰਸ ਵਾਲਿਆਂ ਨੇ ਪੰਜਾਂ ਤੱਤਾਂ ਦੇ ਉਹ ਗੁਣ ਪ੍ਰਗਟ ਕੀਤੇ ਹਨ ਜੋ ਆਮ ਲੋਕਾਂ ਦੀ ਜਾਣ-ਪਛਾਣ ਤੋਂ ਪਰੇ ਸਨ; ਉਹ ਵੀ ਕੁਦਰਤੀ ਸਾਧਨਾਂ ਦੇ ਸਹਾਰੇ। ਕਈ ਚਮਤਕਾਰ ਐਸੇ ਵਰਤਦੇ ਹਨ, ਜਿਨ੍ਹਾਂ ਨੂੰ ਸਾਇੰਸਦਾਨ ਸਮਝਣ ਤੋਂ ਅਸਮਰੱਥ ਰਹਿੰਦੇ ਹਨ; ਜਿਹਾ ਕਿ ਮਨੁੱਖ ਤੋਂ ਇਸਤ੍ਰੀ ਬਣ ਜਾਣਾ ਤੇ ਇਸਤ੍ਰੀ ਤੋਂ ਮਨੁੱਖ ਹੋ ਜਾਣਾ।

ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ ॥
ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥
ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥
ਬਸਤੋ ਹੋਇ ਹੋਇ ਸੋੁ ਊਜਰੁ ਊਜਰੁ ਹੋਇ ਸੁ ਬਸੈ ॥੧॥
ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥
ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥
ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥
ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥੩॥
ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥
ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥੪॥੨॥ (ਬਾਣੀ ਭਗਤਾਂ ਕੀ, ਕਬੀਰ ਜੀ, ਅੰਗ :੧੨੫੨)

ਅਰਥ : ਹੇ! ਰਾਜ ਆਸ਼੍ਰਮ ਵਾਲੇ, ਤੇਰੀ ਗਤਿ, ਮਿਤ, ਤੇਰੀ ਅਵਸਥਾ ਤੇ ਹੱਦ ਦਾ ਬਿਆਨ ਨਹੀਂ ਹੋ ਸਕਦਾ। ਰਾਜ ਆਸ਼੍ਰਮ ਵਾਲਾ ਇਸ ਲਈ ਕਿਹਾ ਹੈ ਕਿ ਵਾਹਿਗੁਰੂ ਦੇ ਦਰਬਾਰ ਤੇ ਬਾਦਸ਼ਾਹੀ ਜਿੱਡਾ ਨਾ ਕਿਸੇ ਦਾ ਦਰਬਾਰ ਤੇ ਨਾ ਬਾਦਸ਼ਾਹੀ ਹੈ। "ਕੋਊ ਹਰਿ ਸਮਾਨਿ ਨਹੀ ਰਾਜਾ" (ਅੰਗ : ੮੫੬) ਦਾ ਭਾਵ ਹੈ।ਅਸੀਂ ਤੇਰੇ ਸੰਤਾਂ ਦੇ ਦਾਸ ਹਾਂ। ਵਾਹਿਗੁਰੂ ਦੀ ਗਤੀ ਅਤੇ ਖੇਡ ਐਸੀ ਅਚਰਜ ਹੈ, ਹੱਸਦੇ ਜਾਣ ਸੋ ਰੋਂਦੇ ਆਉਣ, ਤੇ ਰੋਂਦੇ ਜਾਣ ਤਾਂ ਹੱਸਦੇ ਆਉਣ। ਵੱਸਦੇ ਥਾਂ ਉਜੜ ਜਾਣ ਤੇ ਉਜਾੜ ਵਿੱਚ ਵੱਸੋਂ ਹੋ ਜਾਏ। ਜਿਥੇ ਪਾਣੀ ਹੈ ਉਥੇ ਖ਼ੁਸ਼ਕੀ ਹੋ ਜਾਏ ਅਤੇ ਖ਼ੁਸ਼ਕੀ ਵਾਲੇ ਥਾਂ ਪਾਣੀ ਫ਼ਿਰ ਜਾਏ। ਜਿਥੇ ਥਲ ਹਨ ਉਥੇ ਖੂਹ ਬਣ ਜਾਣ ਅਤੇ ਖੂਹਾਂ ਵਾਲੇ ਥਾਂ ਪਹਾੜ ਬਣ ਜਾਣ। ਜੋ ਧਰਤੀ ਤੋਂ ਨੀਵੇਂ ਹਨ ਉਨ੍ਹਾਂ ਨੂੰ ਉਚਾ ਕਰ ਦੇਵੇਂ, ਤੇ ਜਿਨ੍ਹਾਂ ਦੀ ਗੁੱਡੀ ਅਸਮਾਨ ਚੜ੍ਹੀ ਹੋਈ ਹੈ, ਉਹ ਥੱਲੇ ਡਿੱਗ ਪੈਣ। ਉਹ ਚਾਹੇ ਤਾਂ ਮੰਗਤੇ ਨੂੰ ਰਾਜ ਬਖ਼ਸ਼ ਦੇਵੇ ਤੇ ਰਾਜਿਆਂ ਨੂੰ ਭੀਖ ਮੰਗਾ ਦੇਵੇ। ਮਹਾਂ ਮੂਰਖਾਂ ਨੂੰ ਪੰਡਤ ਬਣਾ ਦੇਵੇ ਤੇ ਪੰਡਤ ਨੂੰ ਮੂਰਖ। ਉਹ ਇਸਤ੍ਰੀ ਤੋਂ ਪੁਰਖ ਬਣਾ ਦਿੰਦਾ ਹੈ ਤੇ ਮਨੁੱਖ ਤੋਂ ਇਸਤ੍ਰੀ। ਕਬੀਰ ਜੀ ਕਹਿੰਦੇ ਹਨ ਕਿ ਉਹ ਸੰਤਾਂ ਭਗਤਾਂ ਦਾ ਪਿਆਰਾ ਹੈ, ਅਸੀਂ ਉਸ ਵਾਹਿਗੁਰੂ ਦੇ ਸਰੂਪ ਉਪਰੋਂ ਕੁਰਬਾਨ ਜਾਂਦੇ ਹਾਂ।

ਜੋ ਕੌਤਕ ਵਾਹਿਗੁਰੂ ਦੀ ਅਚਰਜਤਾ ਦੇ ਇਸ ਸ਼ਬਦ ਵਿਚ ਦੱਸੇ ਹਨ, ਉਹ ਸੰਸਾਰ ਵਿਚ ਸਦਾ ਵਰਤਦੇ ਹੀ ਰਹਿੰਦੇ ਹਨ। ਸੰਸਾਰ ਵਿਚ ਕੋਈ ਚੀਜ਼, ਕੋਈ ਜੀਵ ਸਦਾ ਇਕੋ ਹਾਲਤ ਵਿਚ ਸਥਿਰ ਨਹੀਂ ਰਹਿੰਦਾ। ਕੰਗਾਲਾਂ ਤੋਂ ਰਾਜੇ ਤੇ ਰਾਜਿਆਂ ਤੋਂ ਕੰਗਾਲ ਹੁੰਦੇ ਨਿੱਤ ਦੇਖਣ ਵਿਚ ਆਉਂਦੇ ਹਨ। ਇਸੇ ਤਰ੍ਹਾਂ ਹਰ ਇੱਕ ਦੀ ਹਾਲਤ ਬਦਲਦੀ ਰਹਿੰਦੀ ਹੈ। ਇਸ ਕਰਕੇ ਵਾਹਿਗੁਰੂ ਨਾਲ ਪ੍ਰੇਮ ਕਰਨ ਤੇ ਉਸ ਦਾ ਸਿਮਰਨ ਭਜਨ ਹੀ ਸਭ ਤੋਂ ਮੁੱਖ ਚੀਜ਼ ਹੈ। ਉਸ ਦੇ ਕੀਤੇ ਕੰਮਾਂ ਪੁਰ ਉਟੰਕਣ ਕਰਨ ਦੀ ਲੋੜ ਨਹੀਂ।

# ਗੁਰੂ ਨਾਨਕ ਜੀ ਤੇ ਸਾਇੰਸ



ਪ੍ਰੋ. ਪੂਰਨ ਸਿੰਘ ਜੀ

ਦੁਨੀਆ ਵਿਚ ਇਸ ਨਾਮ ਹੇਠ ਇਨਸਾਨ ਦੇ ਗਿਆਨ ਨੇ ਬੜੀ ਤਰੱਕੀ ਕੀਤੀ ਹੈ। ਇਹ ਸਾਰੀ ਤਰੱਕੀ ਦ੍ਰਿਸ਼ਟਮਾਨ ਅਰਥਾਤ ਦਿੱਸਣਹਾਰ ਪਦਾਰਥਾਂ ਦੇ ਸਬੰਧ ਵਿਚ ਹੈ। ਵਿਚਾਰੋ! ਏਹ ਪਦਾਰਥ ਜੋ ਦਿੱਸਦੇ ਹਨ; ਇਨ੍ਹਾਂ ਦਾ ਦੇਖਣ ਵਾਲਾ ਭੀ ਤਾਂ ਕੋਈ ਇਨਸਾਨ ਦੇ ਅੰਦਰ ਹੈ ਨਾ, ਜਿਸ ਦੀ ਦੂਰਬੀਨ ਦ੍ਰਿਸ਼ਟੀ ਨੇ ਹਰ ਪਦਾਰਥ ਦੀ ਸਾਇੰਸ ਖੋਜ ਕੇ ਕੱਢੀ ਹੈ। ਜੇ ਦਿੱਸਣਹਾਰ ਪਦਾਰਥਾਂ ਵਿਚੋਂ ਹਰ ਇਕ ਦੀ ਇਕ ਸਾਇੰਸ (ਵਿਗਿਆਨ) ਹੈ, ਤਾਂ 'ਦੇਖਣਹਾਰ' ਯਾ 'ਦ੍ਰਿਸ਼ਾ' ਦੀ ਆਪਣੀ ਸਾਇੰਸ ਭੀ ਲੋੜੀਏ। ਹੁਣ ਇਸ ਪਾਸੇ ਗੁਰੂ ਨਾਨਕ ਦਾ ਕਮਾਲ ਇਹ ਨਹੀਂ ਕਿ ਅਸੀਂ ਭੀ ਕਿਸੇ ਦੀ ਰੀਸ ਕਰ ਕੇ ਕਹੀਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਜੀ ਰੇਲ, ਤਾਰ, ਮਿਕਨਾਤੀਸ ਸਿਖਾ ਗਏ ਹਨ। ਐਸਾ ਕਹੀਏ ਤਾਂ ਅਸੀਂ ਉਨ੍ਹਾਂ ਦੀ ਬਜ਼ੁਰਗੀ ਨੂੰ ਦੂਸਰੇ ਦਰਜੇ 'ਤੇ ਲੈ ਜਾਂਦੇ ਹਾਂ। ਉਨ੍ਹਾਂ ਦਾ ਕਮਾਲ ਇਹ ਹੈ ਕਿ ਸਾਇੰਸ ਦੇ ਉਸ ਵੇਲੇ ਦੇ ਯਾ ਮਗਰੋਂ ਮਾਲੂਮ ਹੋਏ ਸਿਧਾਂਤਾਂ ਨਾਲ ਉਨ੍ਹਾਂ ਦੇ ਖਿਆਲਾਂ ਦਾ ਜਿਥੇ ਕਿਧਰੇ ਸਾਂਗੇ ਜ਼ਿਕਰ ਆ ਗਿਆ, ਵਿਰੋਧ ਨਹੀਂ ਹੈ। ਉਨ੍ਹਾਂ ਨੂੰ ਦਰੁਸਤ ਖ਼ਿਆਲ ਹਰ ਸ਼ੈ ਦੇ ਪ੍ਰਾਪਤ ਸਨ। ਮਸਲਨ ; ਉਸ ਵੇਲੇ ਸਾਰਾ ਹਿੰਦੁਸਤਾਨ ਜ਼ਮੀਨ ਦੇ ਹੇਠ 'ਬਲਦ' ਤੇ 'ਕੱਛੂ' 'ਤੇ ਕੀ ਕੀ ਮੰਨਦੇ ਸਨ, ਪਰ ਗੁਰੂ ਨਾਨਕ ਨੂੰ ਦਰੁਸਤ ਖ਼ਿਆਲ ਪ੍ਰਾਪਤ ਹੈ ਕਿ ਜ਼ਮੀਨ ਦੇ ਹੇਠਾਂ ਬਲਦ ਆਦਿ ਕੁਛ ਨਹੀਂ ਹੈ। ਉਸ ਵੇਲੇ ਸੱਤ ਆਕਾਸ਼ ਤੇ ਸੱਤ ਪਾਤਾਲਾਂ ਦੀ ਗਿਣਤੀ ਮਾਲੂਮ ਸੀ, ਪਰ ਗੁਰੂ ਨਾਨਕ ਨੂੰ ਲੱਖਾਂ ਆਕਾਸ਼ ਤੇ ਲੱਖਾਂ ਪਾਤਾਲ ਦਾ ਦਰੁਸਤ ਖ਼ਿਆਲ ਮਾਲੂਮ ਸੀ। ਉਦੋਂ ਇਕ ਇਕ ਸੂਰਜ, ਚੰਦ ਮਾਲੂਮ ਸੀ, ਗੁਰੂ ਨਾਨਕ ਨੂੰ "ਕੇਤੇ ਸੂਰਜ ਕੇਤੇ ਚੰਦ" ਦਾ ਗਿਆਨ ਸੀ। ਉਹ ਜਾਣਦੇ ਸਨ ਕਿ ਸੂਰਜ ਚੰਦਾਂ ਦੀਆਂ ਚਾਲਾਂ ਕ੍ਰੋੜਾਂ ਮੀਲ ਚੱਲਦੀਆਂ ਹਨ ਤੇ ਬੇਅੰਤ ਹਨ। ਗੱਲ ਕੀ, Objective Science 'ਦਿਸਣਹਾਰ' ਪਦਾਰਥਾਂ ਦੇ ਵਿਗਿਆਨ ਦੇ ਸਬੰਧ ਵਿਚ ਸਹਿਜ ਸੁਭਾਅ ਜਿਸ ਗੱਲ ਦਾ ਜ਼ਿਕਰ ਆ ਗਿਆ, ਉਹ ਗੁਰੂ ਨਾਨਕ ਦੇ ਖ਼ਿਆਲ ਗ਼ਲਤ ਖ਼ਿਆਲ (Wrong Conception) ਪ੍ਰਗਟ ਨਹੀਂ ਕਰਦੇ ਰਹੇ। ਪਰ ਕਮਾਲ ਉਨ੍ਹਾਂ ਦੀ ਇਸ ਗੱਲ ਵਿਚ ਹੈ ਕਿ ਉਨ੍ਹਾਂ ਨੇ Subjective Science (ਦ੍ਰਿਸ਼ਾਂ ਦਾ ਵਿਗਿਆਨ) ਸਿਖਲਾਇਆ ਹੈ। ਉਹ ਜੋ ਸਾਡੇ ਅੰਦਰ ਜਿਉਂਦੀ ਬੋਲਦੀ ਕੁਛ ਤਾਕਤ ਹੈ, ਜਿਸ ਨੇ ਸਾਰੀਆਂ ਸਾਇੰਸਾਂ ਖੋਜੀਆਂ; ਉਸ ਦੀ ਆਪਣੀ ਸਾਇੰਸ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਨੇ ਸਿਖਾਈ ਹੈ, ਤਾਂ ਕਿ ਸਾਇੰਸਾਂ ਦਾ ਲੱਭਣ ਵਾਲਾ ਇਨਸਾਨ ਆਪਣੀ ਬਾਬਤ, ਆਪਣੇ 'ਆਪੇ' ਦੀ ਬਾਬਤ ਭੀ ਦਰੁਸਤ ਖ਼ਿਆਲ (Right Conception) ਦਾ ਮਾਲਕ ਬਣ ਸਕੇ। ਇਸ ਤਰ੍ਹਾਂ (how to live well) ਜੀਵਨ ਕੀਕੂੰ ਸੁਖੀ ਬਸਰ ਕਰੇ ? ਭੀ ਸਿੱਖ ਜਾਏ। ਦ੍ਰਿਸ਼ਟਮਾਨ ਤੇ ਇਸ ਕਰਕੇ ਮਿਥਿਆ ਪਦਾਰਥਾਂ ਦੀ ਖੋਜ ਵਿਚ ਹੈਰਾਨ ਹੋ ਹੋ ਬੱਲ ਨਾ ਹਾਰ ਜਾਏ। ਦੇਖਣਹਾਰ ਦੀ ਦਰੁਸਤ ਸਾਇੰਸ ਜਾਣ ਕੇ ਆਪ ਉੱਚਾ ਹੋਵੇ, ਮਜ਼ਬੂਤ ਹੋਵੇ, ਅਰੋਗ ਹੋਵੇ ਤੇ ਆਰਾਮ ਵਿਚ 'ਸਹਲ ਗੰਮਾ' ਪ੍ਰਾਪਤ ਕਰੇ। ਸੋ, ਸਾਰੀਆਂ ਸਾਇੰਸਾਂ ਦੀ ਮਾਂ ਸਾਇੰਸ ਵਿਚ ਕਮਾਲ ਦਿਖਾ ਕੇ ਗੁਰੂ ਨਾਨਕ ਨੇ ਇਸ ਮੰਡਲ ਦੇ ਸਾਰਿਆਂ ਵੱਡਿਆਂ ਵਿਚ ਆਪਣੀ ਵਡਿਆਈ ਦਿਖਾਈ ਹੈ। ਈਸਾ ਜੀ ਨੇ ਕਿਹਾ ਸੀ, 'ਉਸ ਇਨਸਾਨ ਨੂੰ ਕੀ ਲਾਭ ਹੈ ਜੋ ਸਾਰਾ ਜਹਾਨ ਪ੍ਰਾਪਤ ਕਰ ਲਵੇ, ਪਰ ਆਪਣੀ ਰੂਹ ਤਬਾਹ ਕਰ ਸੁੱਟੇ ?' ਗੁਰੂ ਨਾਨਕ ਨੇ ਇਸ ਭੁੱਲ ਤੋਂ ਬਚਾ ਦਿੱਤਾ, ਕਰਤਾ (Knower) ਜਾਨਣਹਾਰ, ਅੰਦਰਲੇ ਦੀ ਸਾਇੰਸ ਸਿਖਾਈ ਤੇ ਉਹ ਗੁਰ ਦੱਸੇ ਕਿ ਕੀਕੂੰ ਅੰਦਰਲੀ ਤਾਕਤ ਤਬਾਹ ਹੋਣੋਂ ਬਚ ਕੇ ਉੱਨਤ ਹੋਵੇ ਤੇ ਅਰੋਗ ਉੱਨਤੀ ਕਰੇ। ਇਹ ਸਾਰੀ ਸਾਇੰਸ ਗੁਰੂ ਗ੍ਰੰਥ ਸਾਹਿਬ ਵਿਚ ਹੈ ਪਰ ਇਥੇ ਵਿਸਥਾਰ ਲਈ ਸਮਾਂ ਨਹੀਂ। ਪਰ ਪੜਤਾਲ ਦੱਸਦੀ ਹੈ ਕਿ ਅੰਦਰਲੇ ਜਿਉਂਦੇ ਕਿਣਕੇ ਬਾਬਤ ਕਮਾਲ ਦੇ ਮਾਮਲੇ ਗੁਰੂ ਨਾਨਕ ਨੇ ਦੱਸ ਕੇ ਸਾਨੂੰ ਰਾਹੇ ਪਾਇਆ ਹੈ। ਸੋ, ਸਤਿਗੁਰ ਸਾਇੰਸਾਂ ਦੀ 'ਮਾਂ' ਸਾਇੰਸ ਦੇ ਯਕਤਾ ਪ੍ਰਬੀਨ (Expert) ਹੋਏ ਹਨ। ਉਹ Objective Sciences ਦੇ ਲੱਗਦੇ ਹੱਥ ਜ਼ਿਕਰ ਕਰਦਿਆਂ ਕਦੇ ਗ਼ਲਤ ਖ਼ਿਆਲ ਪ੍ਰਗਟ ਨਹੀਂ ਕਰ ਗਏ, ਹਾਲਾਂਕਿ ਉਸ ਵੇਲੇ ਦੇ ਆਮ ਫ਼ੈਲੇ ਖ਼ਿਆਲ ਗ਼ਲਤ ਸਨ ਤੇ ਮਗਰਲੇ ਦਾਨੇ ਅਜੇ ਜੰਮੇ ਨਹੀਂ ਸਨ।



ਗੁਰੂ ਨਾਨਕ ਨੂੰ ਦਰੁਸਤ ਖ਼ਿਆਲ ਪ੍ਰਾਪਤ ਹੈ ਕਿ ਜ਼ਮੀਨ ਦੇ ਹੇਠਾਂ ਬਲਦ ਆਦਿ ਕੁਛ ਨਹੀਂ ਹੈ। ਉਸ ਵੇਲੇ ਸੱਤ ਆਕਾਸ਼ ਤੇ ਸੱਤ ਪਾਤਾਲਾਂ ਦੀ ਗਿਣਤੀ ਮਾਲੂਮ ਸੀ, ਪਰ ਗੁਰੂ ਨਾਨਕ ਨੂੰ ਲੱਖਾਂ ਆਕਾਸ਼ ਤੇ ਲੱਖਾਂ ਪਾਤਾਲ ਦਾ ਦਰੁਸਤ ਖ਼ਿਆਲ ਮਾਲੂਮ ਸੀ। ਉਦੋਂ ਇਕ ਇਕ ਸੂਰਜ, ਚੰਦ ਮਾਲੂਮ ਸੀ, ਗੁਰੂ ਨਾਨਕ ਨੂੰ "ਕੇਤੇ ਸੂਰਜ ਕੇਤੇ ਚੰਦ" ਦਾ ਗਿਆਨ ਸੀ। ਉਹ ਜਾਣਦੇ ਸਨ ਕਿ ਸੂਰਜ ਚੰਦਾਂ ਦੀਆਂ ਚਾਲਾਂ ਕ੍ਰੋੜਾਂ ਮੀਲ ਚੱਲਦੀਆਂ ਹਨ ਤੇ ਬੇਅੰਤ ਹਨ।

# ਸਦੀਵੀ ਬਸੰਤ ਕਿਵੇਂ ਸੰਭਵ ਹੈ ?

■ ਗੁਰਪੁਰਵਾਸੀ ਸ. ਅਜੀਤ ਸਿੰਘ ਜੀ

ਅਕਾਲ ਪੁਰਖ ਨਿਰਸੰਦੇਹ ਇਕ ਹੈ, ਪਰ ਉਸ ਦੇ ਰੂਪ ਅਵੱਸ਼ ਹੀ ਅਨੇਕ ਹਨ। ਉਸ ਦੀ ਅਨੇਕਤਾ ਵਿਚ ਵੀ ਏਕਤਾ ਹੈ। ਉਹ ਜਦੋਂ ਵੀ ਚਾਹੁੰਦਾ ਹੈ, ਅਨੇਕ ਤੋਂ ਏਕ ਤੇ ਫ਼ਿਰ ਅਨੇਕ ਹੋ ਜਾਂਦਾ ਹੈ। ਜਿਵੇਂ ਬਾਜ਼ੀਗਰ ਕਈ ਕਿਸਮਾਂ ਦੇ ਰੂਪ ਦੇ ਭੇਖ ਦਿਖਾ ਕੇ ਬਾਜ਼ੀ ਪਾਉਂਦਾ ਹੈ, ਪਰ ਖਿਲਾਰਾ ਸਮੇਟਣ 'ਤੇ ਇਕ ਆਪ ਹੀ ਰਹਿ ਜਾਂਦਾ ਹੈ, ਤਿਵੇਂ ਹੀ ਪ੍ਰਭੂ ਨੇ ਇਹ ਜਗਤ ਰਚਨਾ ਰਚੀ ਹੈ। ਪਾਣੀ ਤੋਂ ਅਨੇਕਾਂ ਲਹਿਰਾਂ, ਬੁਲਬੁਲੇ ਤੇ ਝੱਗ ਆਦਿਕ ਉਠਦੇ ਹਨ ਪਰ ਫ਼ਿਰ ਪਾਣੀ ਵਿਚ ਹੀ ਰਲ ਜਾਂਦੇ ਹਨ। ਸੋਨੇ ਤੋਂ ਕਈ ਕਿਸਮਾਂ ਦੇ ਗਹਿਣੇ ਘੜੇ ਜਾਂਦੇ ਹਨ ਪਰ ਵਾਸਤਵ ਵਿਚ ਉਹ ਸੋਨਾ ਹੀ ਹੁੰਦੇ ਹਨ। ਕਿਸੇ ਬ੍ਰਿਛ ਦਾ ਬੀਜ ਉੱਗਣ 'ਤੇ ਅਨੇਕਾਂ ਸ਼ਾਖ਼ਾਵਾਂ, ਪੱਤੇ, ਫ਼ੁੱਲ ਤੇ ਫ਼ਲ ਵੱਖ-ਵੱਖ ਰੂਪ ਦਿਖਾਉਂਦੇ ਹਨ ਪਰ ਫ਼ਲ ਦੇ ਪੱਕਣ 'ਤੇ ਉਹੀ ਪਹਿਲੀ ਕਿਸਮ ਦੇ ਬੀਜ ਬਣ ਜਾਂਦੇ ਹਨ। ਇੱਕੋ ਆਕਾਸ਼ ਦਾ ਪ੍ਰਤਿਬਿੰਬ ਪਾਣੀ ਨਾਲ ਭਰੇ ਹਜ਼ਾਰਾਂ ਘੜਿਆਂ ਵਿਚ ਭਿੰਨ-ਭਿੰਨ ਦਿਖਾਈ ਦਿੰਦਾ ਹੈ, ਪਰ ਘੜੇ ਟੁੱਟਣ 'ਤੇ ਉਸੇ ਇਕ ਆਕਾਸ਼ ਦਾ ਹੀ ਪ੍ਰਕਾਸ਼ ਰਹਿ ਜਾਂਦਾ ਹੈ। ਪਰਮਾਤਮਾ ਦੀ ਅੰਸ਼, ਜੀਵ-ਆਤਮਾ ਵਿਚ ਮਾਇਆ ਦੇ ਕਾਰਨ ਕਈ ਭਰਮ, ਭੁਲੇਖੇ, ਭਟਕਣਾ, ਲੋਭ, ਮੋਹ ਆਦਿਕ ਵਿਕਾਰ ਪੈਦਾ ਹੋ ਜਾਂਦੇ ਹਨ, ਪਰ ਬ੍ਰਹਮ-ਗਿਆਨ ਦੀ ਬਰਕਤ ਨਾਲ, ਮਾਇਆ ਦੇ ਭਰਮ ਤੇ ਪ੍ਰਭਾਵ ਦੂਰ ਹੋਣ 'ਤੇ ਇਕ ਪਰਮਾਤਮਾ ਹੀ ਅਨੁਭਵ ਹੋਣ ਲੱਗ ਜਾਂਦਾ ਹੈ। ਵਿਸ਼ਵ ਦਾ ਦੀਪਕ-ਸੂਰਜ ਵੀ ਇਕ ਹੀ ਹੈ ਪਰ ਉਸ ਤੋਂ ਬਣੀਆਂ ਰੁੱਤਾਂ ਅਨੇਕ ਹਨ। ਪੰਥ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਦੇ ਪੰਨਾ ਨੰਬਰ ੩੬੫ 'ਤੇ ਖਟ-ਰੁਤ ਸਾਲ ਦੇ ਦੋ ਦੋ ਮਹੀਨੇ ਦੇ ਛੇ ਮੌਸਮਾਂ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਹੈ :

ਚੇਤ-ਵਿਸਾਖ = ਬਸੰਤ, ਜੇਠ-ਹਾੜ = ਗ੍ਰੀਖਮ, ਸਾਵਣ-ਭਾਦੋਂ = ਪਾਵਸ, ਅਸੂ-ਕਤਕ =ਸਰਦ, ਮੱਘਰ-ਪੋਹ = ਹਿਮ, ਮਾਘ-ਫਗੁਣ = ਸ਼ਿਸ਼ਿਰ।

ਉਪਰੋਕਤ ਦਰਜ ਸਾਰੀਆਂ ਰੁੱਤਾਂ ਵਿਚੋਂ ਬਸੰਤ ਰੁੱਤ ਨੂੰ ਹੀ ਰੁੱਤਾਂ ਦੀ ਰਾਣੀ ਕਿਹਾ ਜਾਂਦਾ ਹੈ। ਇਸ ਰੁੱਤ ਵਿਚ ਚਾਰ-ਚੁਫ਼ੇਰੇ ਬਨਸਪਤੀ ਮਉਲਦੀ ਹੈ ਅਤੇ ਅਣਗਿਣਤ ਫ਼ੁੱਲ ਖਿੜ ਪੈਂਦੇ ਹਨ। (ਕੁਸਮ ਬਸੰਤ ਗਨੰਤ ਨ ਆਵੈ)। ਭਾਵੇਂ ਮਉਲੀ ਬਨਸਪਤੀ, ਵਾਤਾਵਰਣ ਅਤੇ ਫ਼ੁੱਲਾਂ ਦੀ ਸੁੰਦਰਤਾ, ਸੁਗੰਧੀ ਤੇ ਮਹਿਕ ਦਿਲੋ-ਦਿਮਾਗ ਨੂੰ ਤਰੋ-ਤਾਜ਼ਾ ਕਰ ਸਕਦੇ ਹਨ, ਤਨ ਤੇ ਮਨ ਵਿਚ ਕੁਝ ਕੁ ਖੇੜਾ, ਹੁਲਾਸ ਤੇ ਵਿਗਾਸ ਤਾਂ ਆ ਸਕਦਾ ਹੈ ਪਰ ਇਨ੍ਹਾਂ ਰਾਹੀਂ ਆਤਮਕ ਆਨੰਦ, ਜੋ ਮਨੁੱਖੀ ਜੀਵਨ ਦਾ ਅਸਲੀ ਪ੍ਰਯੋਜਨ ਹੈ, ਪ੍ਰਾਪਤ ਨਹੀਂ ਹੋ ਸਕਦਾ। ਸ੍ਰੀ ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ ਕਿ ਜਿਵੇਂ ਬਸੰਤ ਦੇ ਆਉਣ ਨਾਲ ਸਾਰੀ ਬਨਸਪਤੀ ਮਉਲਦੀ ਹੈ ਅਤੇ ਹਰੀ-ਭਰੀ ਹੋ ਜਾਂਦੀ ਹੈ ਤਿਵੇਂ ਹੀ ਸਤਿਗੁਰੂ ਦੀ ਸੰਗਤ ਵਿਚ ਰਹਿ ਕੇ ਇਹ ਮਨ ਆਤਮਿਕ ਜੀਵਨ ਨਾਲ ਖਿੜ ਜਾਂਦਾ ਹੈ, ਮੌਲ ਜਾਂਦਾ ਹੈ। ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੇ ਸਿਮਰਨ ਰਾਹੀਂ ਹੀ ਪੂਰਨ ਆਤਮਿਕ ਆਨੰਦ ਮਾਣਿਆ ਜਾ ਸਕਦਾ ਹੈ :

**ਬਨਸਪਤਿ ਮਉਲੀ ਚੜਿਆ ਬਸੰਤੁ ॥**
**ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥**
**ਤੁਮ੍ ਸਾਚੁ ਧਿਆਵਹੁ ਮੁਗਧ ਮਨਾ ॥**
**ਤਾਂ ਸੁਖੁ ਪਾਵਹੁ ਮੇਰੇ ਮਨਾ ॥੧॥ ਰਹਾਉ ॥**
**( ਬਸੰਤ ਮ.੩, ਅੰਗ: ੧੧੭੬)**

ਸਹੀ ਅਰਥਾਂ ਵਿਚ ਬਸੰਤ ਤਾਂ ਉਹੀ ਜੀਵ-ਇਸਤ੍ਰੀਆਂ ਮਾਣਦੀਆਂ ਹਨ, ਜਿਨ੍ਹਾਂ ਦੇ ਹਿਰਦੇ ਘਰ ਵਿਚ ਸਤਿਗੁਰੂ ਦੁਆਰਾ ਪ੍ਰਭੂ-ਕੰਤ ਦਾ ਵਾਸਾ ਹੈ। ਜਿਨ੍ਹਾਂ ਦੇ ਕੰਤ ਪ੍ਰਦੇਸ ਵਿਚ ਹਨ, ਉਹ ਜੀਵ-ਇਸਤ੍ਰੀਆਂ ਤਾਂ ਦਿਨ-ਰਾਤ ਵਿਛੋੜੇ ਦੀ ਅੱਗ ਵਿਚ ਸੜਦੀਆਂ ਰਹਿੰਦੀਆਂ ਹਨ :

ਸਹੀ ਅਰਥਾਂ ਵਿਚ ਬਸੰਤ ਤਾਂ ਉਹੀ ਜੀਵ-ਇਸਤ੍ਰੀਆਂ ਮਾਣਦੀਆਂ ਹਨ, ਜਿਨਾਂ ਦੇ ਹਿਰਦੇ ਘਰ ਵਿਚ ਸਤਿਗੁਰੂ ਦੁਆਰਾ ਪ੍ਰਭੂ-ਕੰਤ ਦਾ ਵਾਸਾ ਹੈ। ਜਿਨਾਂ ਦੇ ਕੰਤ ਪ੍ਰਦੇਸ ਵਿਚ ਹਨ, ਉਹ ਜੀਵ-ਇਸਤ੍ਰੀਆਂ ਤਾਂ ਦਿਨ-ਰਾਤ ਵਿਛੋੜੇ ਦੀ ਅੱਗ ਵਿਚ ਸੜਦੀਆਂ ਰਹਿੰਦੀਆਂ ਹਨ :
ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ ॥
ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥੨॥
(ਮ.੨, ਅੰਗ : ੭੯੧)
ਨਾਨਕ ਤਿਨਾ ਬਸੰਤੁ ਹੈ ਜਿਨਾ ਗੁਰਮੁਖਿ ਵਸਿਆ ਮਨਿ ਸੋਇ ॥
ਹਰਿ ਵੁਠੈ ਮਨੁ ਤਨੁ ਪਰਫੜੈ ਸਭੁ ਜਗੁ ਹਰਿਆ ਹੋਇ ॥੬੧॥

**ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ ॥**
**ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥੨॥**
**(ਮ.੨, ਅੰਗ : ੭੯੧)**
**ਨਾਨਕ ਤਿਨਾ ਬਸੰਤੁ ਹੈ ਜਿਨਾ ਗੁਰਮੁਖਿ ਵਸਿਆ ਮਨਿ ਸੋਇ ॥**
**ਹਰਿ ਵੁਠੈ ਮਨੁ ਤਨੁ ਪਰਫੜੈ ਸਭੁ ਜਗੁ ਹਰਿਆ ਹੋਇ ॥੬੧॥**
**(ਸਲੋਕ ਮ.੩, ਅੰਗ : ੧੪੨੦)**

ਮਨੁੱਖ ਜੇਕਰ ਆਪਣੇ ਅੰਦਰੋਂ ਹਉਮੈ ਵਾਲੀ ਬਿਰਤੀ ਅਤੇ ਵਿਸ਼ੇ-ਵਿਕਾਰਾਂ ਦੀ ਜ਼ਹਿਰ ਨੂੰ ਨਾਮ-ਬਾਣੀ ਦੇ ਅੰਮ੍ਰਿਤ ਦੁਆਰਾ ਮਿਟਾ ਦੇਣ ਵਾਲਾ ਸ੍ਰੇਸ਼ਠ ਗੁਣ ਸੰਭਾਲੇ ਤਾਂ ਉਸ ਦੇ ਅੰਦਰ ਸਤਿਗੁਰ ਦੇ ਗਿਆਨ ਤੇ ਬਖ਼ਸ਼ਿਸ਼ ਦੀ ਬਰਕਤ ਨਾਲ ਪ੍ਰਭੂ ਦੀ ਜੋਤਿ ਪ੍ਰਗਟ ਹੋ ਸਕਦੀ ਹੈ ਤੇ ਜੀਵ ਖੇੜੇ, ਚੜ੍ਹਦੀਕਲਾ ਤੇ ਸਦੀਵੀ ਬਸੰਤ ਦਾ ਆਨੰਦ ਮਾਣ ਸਕਦਾ ਹੈ। ਇਹ ਦੁਨੀਆ ਵਾਲੇ ਦਿਨ, ਮਹੀਨੇ ਤੇ ਰੁੱਤਾਂ ਆਉਣ-ਜਾਣ ਵਾਲੇ ਹਨ ਪਰ ਗੁਰਮਤਿ ਦੁਆਰਾ ਪ੍ਰਭੂ-ਯਾਦ ਵਿਚ ਟਿਕੇ ਰਹਿਣ ਵਾਲੀ ਜੀਵ-ਆਤਮਾ ਬਸੰਤ ਦਾ ਰੰਗ ਸਦਾ ਮਾਣਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦਾ ਰਾਗ ਬਸੰਤ ਵਿਚ ਫ਼ੁਰਮਾਨ ਹੈ :

**ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥**
**ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥੧॥**





ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਕਰਨ ਆਉਂਦੀਆਂ ਸੰਗਤਾਂ ਦੀ ਸਹੂਲਤ ਲਈ ਰਿਹਾਇਸ਼, ਲੰਗਰ ਅਤੇ ਦੀਵਾਨ ਹਾਲ ਦੀ ਉਪਰੋਕਤ ਇਮਾਰਤ ਦੀ ਸੇਵਾ 'ਰੰਗਲੇ ਸੱਜਣ ਮੈਮੋਰੀਅਲ ਚੈਰੀਟੇਬਲ ਟਰੱਸਟ' ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਪੰਥ ਦੀ ਸੋਨ ਚਿੜੀ' ਅਤੇ 'ਪੰਥ ਰਤਨ' ਦੇ ਖਿਤਾਬ ਨਾਲ ਨਿਵਾਜੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਮਿੱਠੀ ਯਾਦ ਵਿਚ ਆਰੰਭ ਹੈ। ਤਨ, ਮਨ, ਧਨ ਦੇ ਨਾਲ ਸੇਵਾ ਕਰਕੇ ਇਸ ਕਾਰਜ ਨੂੰ ਮੁਕੰਮਲ ਕਰਨ ਵਿਚ ਯੋਗਦਾਨ ਪਾਓ ਜੀ।

ਬੈਂਕ ਰਾਹੀਂ ਮਾਇਆ : ਅਕਾਊਂਟ ਨੰ : 13131000009470 **HDFC** ਬੈਂਕ ਰਾਹੀਂ ਭੇਜੋ ਜੀ।

# ਰੰਗਲੇ ਸੱਜਣ ਮੈਮੋਰੀਅਲ ਚੈਰੀਟੇਬਲ ਟਰੱਸਟ

ਚੌਂਕ ਬਾਬਾ ਸਾਹਿਬ, ਅੰਮ੍ਰਿਤਸਰ (ਅਦਾਰਾ ਅਖੰਡ ਕੀਰਤਨੀ ਜਥਾ)

ਸੰਪਰਕ ਨੰ : 98880-20806, 98761-24861, 097177-88148, 97800-28335

# ਸਾਲਾਨਾ ਕੇਂਦਰੀ ਹੋਲਾ ਮੁਹੱਲਾ, ਅਖੰਡ ਕੀਰਤਨ ਸਮਾਗਮ



ਖ਼ਾਲਸਾ ਪੰਥ ਦਾ ਜਨਮ ਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ)

**ਹਰ ਸਾਲ ਦੀ ਤਰ੍ਹਾਂ ਹੋਲੇ-ਮੁਹੱਲੇ ਦੇ ਸਾਲਾਨਾ ਅਖੰਡ ਕੀਰਤਨ ਸਮਾਗਮ ਮਿਤੀ 25 ਮਾਰਚ, 2013 ਤੋਂ 28 ਮਾਰਚ, 2013 ਤੱਕ ਕਲਗੀਧਰ ਕੀਰਤਨ ਦਰਬਾਰ, ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ ਰੋਡ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਹਨ, ਜਿਨ੍ਹਾਂ ਵਿਚ ਦੇਸ਼-ਵਿਦੇਸ਼ਾਂ ਤੋਂ ਗੁਰਸਿੱਖ ਸੰਗਤਾਂ ਅਤੇ ਅਖੰਡ ਕੀਰਤਨੀ ਜੱਥੇ ਪਹੁੰਚ ਕੇ ਗੁਰਬਾਣੀ ਦੇ ਕੀਰਤਨ ਅਖਾੜੇ ਸਜਾਉਣਗੇ। ਹਰਿ ਜਸੁ ਦੇ ਲਾਹੇ ਪ੍ਰਾਪਤ ਕਰਨ ਲਈ ਪ੍ਰੋਗਰਾਮ ਅਨੁਸਾਰ ਵੱਧ ਤੋਂ ਵੱਧ ਹਾਜ਼ਰੀਆਂ ਭਰੋ ਜੀ।**

ਅੰਮ੍ਰਿਤ ਸੰਚਾਰ ਸਮਾਗਮ
ਕਲਗੀਧਰ ਕੀਰਤਨ
ਦਰਬਾਰ ਵਿਖੇ 27 ਮਾਰਚ 2013
ਸ਼ਾਮ 7.00 ਵਜੇ ਆਰੰਭ ਹੋਣਗੇ।

**25 ਮਾਰਚ 2013 ਦਿਨ ਸੋਮਵਾਰ** : ਅੰਮ੍ਰਿਤ ਵੇਲਾ/ ਨਿੱਤਨੇਮ ਅਤੇ ਕੀਰਤਨ
ਸ੍ਰੀ ਆਸਾ ਜੀ ਦੀ ਵਾਰ ਸਵੇਰੇ 8.30 ਵਜੇ ਤੱਕ, ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ।

**27 ਮਾਰਚ 2013, ਦਿਨ ਬੁੱਧਵਾਰ** : ਭੋਗ ਸ੍ਰੀ ਅਖੰਡ ਪਾਠ ਸਾਹਿਬ ਅੰਮ੍ਰਿਤ ਵੇਲੇ ਸਵੇਰੇ 5.00 ਵਜੇ, ਉਪਰੰਤ ਦਿਵਸ ਸੁਹੇਲਾ ਅਖੰਡ ਕੀਰਤਨ ਦੁਪਹਿਰ 2.00 ਵਜੇ ਤੱਕ, ਕਲਗੀਧਰ ਕੀਰਤਨ ਦਰਬਾਰ, ਗੁਰਦੁਆਰਾ ਕਿਲ੍ਹਾ ਲੋਹਗੜ੍ਹ ਰੋਡ, ਸ੍ਰੀ ਅਨੰਦਪੁਰ ਸਾਹਿਬ।
ਸ਼ਾਮ ਨੂੰ ਸੋਦਰੁ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ, ਕਲਗੀਧਰ ਕੀਰਤਨ ਦਰਬਾਰ, ਸ੍ਰੀ ਅਨੰਦਪੁਰ ਸਾਹਿਬ।

ਬੇਨਤੀਆਂ :
1. ਲੰਗਰ ਅਤੇ ਰਿਹਾਇਸ਼ ਦਾ ਸਾਰਾ ਪ੍ਰਬੰਧ ਕਲਗੀਧਰ ਕੀਰਤਨ ਦਰਬਾਰ ਵਿਖੇ ਹੋਵੇਗਾ।
2. ਅਨੰਦ ਕਾਰਜ ਵਾਲੇ ਪਰਿਵਾਰ ਪਹਿਲਾਂ ਸੂਚਿਤ ਕਰੋ ਜੀ।

ਸਹਿਯੋਗੀ : ਪ੍ਰਬੰਧਕ ਕਮੇਟੀ ਅਤੇ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ।
ਦਾਸਰੇ : ਅਖੰਡ ਕੀਰਤਨੀ ਜਥਾ, ਸ੍ਰੀ ਅਨੰਦਪੁਰ ਸਾਹਿਬ , ਫ਼ੋਨ ਨੰਬਰ : 94633-86614, 98725-90189, 98767-08961, 98153-01010, 98762-58848, 98143-00245, 97794-39659.